@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 1 September 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 1 ਸਤੰਬਰ 2024, 16 ਭਾਦੋ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 296, qpatrika@gmail.com ਫੋਨ : 9971359517 www.qaumipatrika.org

ਮੁਸਲਿਮ ਵਿਆਹ ਅਤੇ ਤਲਾਕ ਕਾਨੂੰਨ ਨੂੰ ਰੱਦ ਕਰਨ ਵਾਲਾ ਬਿੱਲ ਵਿਧਾਨ ਸਭਾ 'ਚ ਪਾਸ

ਗੁਹਾਟੀ 31 ਅਗਸਤ। ਆਸਾਮ ਵਿਧਾਨ ਸਭਾ ਨੇ ਇਕ ਬਿੱਲ ਪਾਸ ਕੀਤਾ, ਜਿਸ 'ਚ ਮੁਸਲਮਾਨਾਂ ਦੇ ਵਿਆਹ ਅਤੇ ਤਲਾਕ ਦੀ ਰਜਿਸਟ੍ਰੇਸ਼ਨ ਨਾਲ ਸਬੰਧਤ ਇਕ ਕਾਨੂੰਨ ਨੂੰ ਰੱਦ ਕੀਤਾ ਗਿਆ ਹੈ। ਮਾਲੀਆ ਅਤੇ ਆਫਤ ਪ੍ਰਬੰਧਨ ਮੰਤਰੀ ਜੋਗੇਨ ਮੋਹਨ ਨੇ 22 ਅਗਸਤ ਨੂੰ ਵਿਧਾਨ ਸਭਾ 'ਚ ਆਸਾਮ ਰੀਪੀਲ ਬਿੱਲ, 2024 ਨੂੰ ਪੇਸ ਕੀਤਾ ਸੀ, ਜਿਸ 'ਚ ਆਸਾਮ ਮੁਸਲਿਮ ਵਿਆਹ ਅਤੇ ਤਲਾਕ ਰਜਿਸਟ੍ਰੇਸ਼ਨ ਐਕਟ 1935 ਅਤੇ ਆਸਾਮ ਰੀਪੀਲ ਆਰਡੀਨੈਂਸ 2024 ਨੂੰ ਰੱਦ ਕਰਨ ਦੀ ਵਿਵਸਥਾ ਕੀਤੀ ਗਈ ਹੈ। ਸਦਨ 'ਚ ਬਿੱਲ 'ਤੇ ਚਰਚਾ ਦੌਰਾਨ ਮੁੱਖ ਮੰਤਰੀ ਹਿਮੰਤ ਵਿਸਵ ਸਰਮਾ ਨੇ ਕਿਹਾ,"ਸਾਡਾ ਉਦੇਸ਼ ਨਾ ਸਿਰਫ ਬਾਲ ਵਿਆਹ ਨੂੰ ਖਤਮ ਕਰਨਾ ਹੈ ਸਗੋਂ ਕਾਜੀ ਪ੍ਰਣਾਲੀ ਤੋਂ ਛੁਟਕਾਰਾ ਪਾਉਣਾ ਵੀ ਹੈ। ਅਸੀਂ ਮੁਸਲਮਾਨਾਂ ਦੇ ਵਿਆਹ ਅਤੇ ਤਲਾਕ ਦੀ ਰਜਿਸਟ੍ਰੇਸ਼ਨ ਨੂੰ ਸਰਕਾਰੀ ਪ੍ਰਣਾਲੀ ਅਧੀਨ ਲਿਆਉਣਾ ਚਾਹੁੰਦੇ ਹਾਂ। ਉਨ੍ਹਾਂ ਕਿਹਾ ਕਿ ਸਾਰੇ ਵਿਆਹਾਂ ਨੂੰ ਰਜਿਸਟਰੇਸ਼ਨ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਕਰਨਾ ਹੋਵੇਗਾ ਪਰ ਰਾਜ ਸਰਕਾਰ ਇਸ ਮਕਸਦ ਲਈ ਕਾਜੀਆਂ ਵਰਗੀ ਵੱਖਰੀ ਨਿੱਜੀ ਸੰਸਥਾ ਦਾ ਸਮਰਥਨ ਨਹੀਂ ਕਰ ਸਕਦੀ। ਵਿਰੋਧੀ ਪਾਰਟੀਆਂ ਨੇ ਇਸ ਫੈਸਲੇ ਦੀ ਨਿੰਦਾ ਕਰਦੇ ਹੋਏ ਇਸ ਨੂੰ ਮੁਸਲਮਾਨਾਂ ਵਿਰੁੱਧ ਪੱਖਪਾਤੀ ਅਤੇ ਚੋਣ ਸਾਲ 'ਚ ਵੋਟਰਾਂ ਦਾ ਧਰੁਵੀਕਰਨ ਕਰਾਰ ਦਿੱਤਾ। ਆਸਾਮ ਸਰਕਾਰ ਨੇ ਮੰਗਲਵਾਰ ਨੂੰ ਆਸਾਮ ਮੁਸਲਿਮ ਵਿਆਹ ਅਤੇ ਤਲਾਕ ਲਾਜਮੀ ਰਜਿਸਟ੍ਰੇਸ਼ਨ ਬਿੱਲ 2024 ਪੇਸ ਕੀਤਾ ਸੀ।

ਹਰਿਆਣਾ ਭਾਜਪਾ ਦਾ ਸਾਰੀਆਂ 90 ਵਿਧਾਨ ਸਭਾ ਸੀਟਾਂ 'ਤੇ ਮੰਥਨ ਪੂਰਾ

ਸਿੰਮੀ ਕੌਰ ਬੱਬਰ

ਚੰਡੀਗੜ੍ਹ, 31 ਅਗਸਤ। ਕੇਂਦਰੀ ਚੋਣ ਕਮੇਟੀ ਦੇ ਦਿਸ਼ਾ-ਨਿਰਦੇਸ਼ਾਂ ਤੋਂ ਬਾਅਦ ਹਰਿਆਣਾ ਭਾਜਪਾ ਦੇ ਪ੍ਰਮੁੱਖ ਨੇਤਾਵਾਂ ਦੀ ਛੋਟੀ ਟੋਲੀ ਦੀ ਸ਼ੁੱਕਰਵਾਰ ਨੂੰ ਲੰਮੀ ਬੈਠਕ ਚੱਲੀ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪਹਿਲਾਂ ਕੇਂਦਰੀ ਊਰਜਾ ਮੰਤਰੀ ਮਨੋਹਰ ਲਾਲ ਅਤੇ ਫਿਰ ਕੇਂਦਰੀ ਮੰਤਰੀ ਧਰਮਿੰਦਰ ਪ੍ਰਧਾਨ ਨਾਲ ਮੁਲਾਕਾਤ ਕੀਤੀ। ਦੁਪਹਿਰ ਨੂੰ ਵਿਧਾਨ ਸਭਾ ਚੋਣਾਂ ਦੇ ਇੰਚਾਰਜ ਅਤੇ ਕੇਂਦਰੀ ਮੰਤਰੀ ਧਰਮਿੰਦਰ ਪ੍ਰਧਾਨ ਦੇ ਨਿਵਾਸ 'ਤੇ ਛੋਟੀ ਟੋਲੀ ਦੀ ਬੈਠਕ ਚੱਲੀ, ਜਿਸ 'ਚ ਕੇਂਦਰੀ ਮੰਤਰੀ ਮਨੋਹਰ ਲਾਲ, ਭਾਜਪਾ ਇੰਚਾਰਜ ਡਾ. ਸਤੀਸ਼ ਪੂਨੀਆ, ਵਿਧਾਨ ਸਭਾ ਚੋਣਾਂ ਦੇ ਸਹਿ-ਇੰਚਾਰਜ ਬਿਪਲਬ ਕੁਮਾਰ ਦੇਬ, ਸੀ. ਐੱਮ. ਨਾਇਬ ਸੈਣੀ, ਸੂਬਾ ਪ੍ਰਧਾਨ ਮੋਹਨ ਲਾਲ ਬੜੌਲੀ ਅਤੇ ਰਾਜਸੀ ਸੰਗਠਨ ਮੰਤਰੀ ਫਨਿੰਦਰਨਾਥ ਸ਼ਰਮਾ ਸ਼ਾਮਲ ਹੋਏ। ਇੰਨਾ ਜਰੂਰ ਹੈ ਕਿ ਭਾਜਪਾ ਨੇ ਸਾਰੀਆਂ 90 ਸੀਟਾਂ 'ਤੇ ਮੰਥਨ ਪੂਰਾ ਕਰ ਲਿਆ ਹੈ। ਛੋਟੀ ਟੋਲੀ ਨੇ ਸੂਬੇ ਦੀਆਂ 25 ਤੋਂ 40 ਵਿਧਾਨ ਸਭਾ ਸੀਟਾਂ 'ਤੇ ਉਨ੍ਹਾਂ ਉਮੀਦਵਾਰਾਂ ਦੇ ਨਾਂ ਨੂੰ ਲੈ ਕੇ ਚਰਚਾ ਕੀਤੀ, ਜਿਨ੍ਹਾਂ 'ਤੇ 2 ਤੋਂ 3

ਦਾਅਵੇਦਾਰ ਬਣੇ ਹੋਏ ਹਨ। ਉੱਥੇ ਹੀ ਸੂਬਾ ਪ੍ਰਧਾਨ ਮੋਹਨ ਲਾਲ ਬੜੌਲੀ ਨੇ ਕਿਹਾ ਕਿ 2 ਸਤੰਬਰ ਨੂੰ ਪਾਰਟੀ ਦੀ ਚੋਣ ਕਮੇਟੀ ਦੀ ਬੈਠਕ ਫਿਰ ਤੋਂ ਹੋਵੇਗੀ, ਜਿਸ 'ਚ ਟਿਕਟਾਂ 'ਤੇ ਅੰਤਿਮ ਮੋਹਰ ਲਾਈ ਜਾਵੇਗੀ। ਕਾਂਗਰਸ ਸਕ੍ਰੀਨਿੰਗ ਕਮੇਟੀ ਦੀ ਬੈਠਕ ਦਾ ਅੱਜ ਤੀਜਾ ਦਿਨ ਹੈ, ਜਿਸ 'ਚ ਉਮੀਦਵਾਰਾਂ ਦੇ ਨਾਵਾਂ 'ਤੇ ਮੰਥਨ ਜਾਰੀ ਰਿਹਾ। ਨਵੀਂ ਦਿੱਲੀ ਸਥਿਤ ਹਿਮਾਚਲ ਭਵਨ 'ਚ ਚੱਲ ਰਹੀ ਇਸ ਬੈਠਕ 'ਚ ਹਰਿਆਣਾ ਕਾਂਗਰਸ ਦੇ ਇੰਚਾਰਜ ਦੀਪਕ ਬਾਬਰੀਆ, ਪਾਰਟੀ ਦੇ ਸੂਬਾ ਪ੍ਰਧਾਨ ਉਦੇਭਾਨ ਅਤੇ ਸਾਬਕਾ ਮੁੱਖ ਮੰਤਰੀ ਭੂਪਿੰਦਰ ਹੁੱਡਾ ਮੌਜੂਦ ਹਨ। ਉਦੇਭਾਨ ਦੀ ਮੰਨੀਏ ਤਾਂ 5 ਸਤੰਬਰ ਤੋਂ ਪਹਿਲਾਂ ਕਾਂਗਰਸ ਉਮੀਦਵਾਰਾਂ ਦੀ ਸੂਚੀ ਜਾਰੀ ਹੋ ਸਕਦੀ ਹੈ, ਕਿਉਂਕਿ 2 ਸਤੰਬਰ ਨੂੰ ਕਾਂਗਰਸ ਦੀ ਕੇਂਦਰੀ ਚੋਣ ਕਮੇਟੀ ਦੀ ਬੈਠਕ ਹੈ, ਜਿਸ 'ਚ ਨਾਵਾਂ 'ਤੇ ਮਨਜੂਰੀ ਦੀ ਮੋਹਰ ਲੱਗ ਸਕਦੀ ਹੈ। ਦੱਸਿਆ ਜਾ ਰਿਹਾ ਹੈ ਕਿ ਬੈਠਕ 'ਚ ਦਾਅਵੇਦਾਰਾਂ ਦੀ ਛਾਂਟੀ ਤੋਂ ਬਾਅਦ ਸਾਰੀਆਂ 90 ਵਿਧਾਨ ਸਭਾ ਸੀਟਾਂ 'ਤੇ ਪੈਨਲ ਤਿਆਰ ਕਰ ਲਏ ਗਏ ਹਨ। ਲੱਗਭਗ 3 ਦਰਜਨ ਪੈਨਲ ਸਿੰਗਲ ਨਾਂ ਦੇ ਹਨ, ਜਦੋਂ ਕਿ ਕੁਝ ਪੈਨਲਾਂ 'ਚ 2 ਤੋਂ 4 ਦਾਅਵੇਦਾਰਾਂ ਦੇ ਨਾਂ ਸ਼ਾਮਲ ਹਨ।

ਔਰਤਾਂ ਨਾਲ ਹੋ ਰਹੇ ਅਪਰਾਧਾਂ ਖਿਲਾਫ ਪਾਰਟੀਬਾਜੀ ਚੁੱਕਣ ਸਖਤ ਕਦਮ: ਮਾਇਆਵਤੀ

ਲਖਨਊ 31 ਅਗਸਤ। ਬਹੁਜਨ ਸਮਾਜ ਪਾਰਟੀ (ਬਸਪਾ) ਦੀ ਮੁਖੀ ਮਾਇਆਵਤੀ ਨੇ ਵੀਰਵਾਰ ਨੂੰ ਸਿਆਸੀ ਪਾਰਟੀਆਂ ਨੂੰ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਔਰਤਾਂ ਵਿਰੁੱਧ ਅਪਰਾਧਾਂ ਵਿਰੁੱਧ ਸਖਤ ਕਦਮ ਚੁੱਕਣ ਦੀ ਅਪੀਲ ਕੀਤੀ। ਉਨ੍ਹਾਂ ਨੇ ਸੋਸਲ ਮੀਡੀਆ ਪਲੇਟਫਾਰਮ 'ਤੇ ਲਿਖਿਆ ਹੈ, 'ਦੇਸ ਵਿੱਚ ਕਦੇ ਬੰਗਾਲ, ਕਦੇ ਮਹਾਰਾਸਟਰ ਦੇ ਬਦਲਾਪੁਰ, ਕਦੇ ਬਿਹਾਰ ਅਤੇ ਕਦੇ ਉੱਤਰ ਪ੍ਰਦੇਸ ਦੇ ਕਨੌਜ, ਆਗਰਾ

ਅਤੇ ਫਰੂਖਾਬਾਦ ਜ?ਿਲ੍ਹਿਆਂ ਵਿੱਚ ਮਾਸੂਮ ਨਾਬਾਲਗ ਲੜਕੀਆਂ ਅਤੇ ਔਰਤਾਂ ਨਾਲ ਬਲਾਤਕਾਰ, ਕਤਲ ਅਤੇ ਖੁਦਕੁਸੀ ਵਰਗੀਆਂ ਹੋ ਰਹੀਆਂ ਘਟਨਾਵਾਂ ਬਹੁਤ ਦੁਖਦਾਈ ਅਤੇ ਚਿੰਤਾਜਨਕ ਹਨ। ਉਨ੍ਹਾਂ ਅੱਗੇ ਲਿਖਿਆ, "ਕੇਂਦਰ ਅਤੇ ਸਾਰੀਆਂ ਰਾਜ ਸਰਕਾਰਾਂ ਨੂੰ ਇਸ ਮਾਮਲੇ ਵਿੱਚ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਸਖਤ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ ਅਤੇ ਇਸ ਦੀ ਆੜ ਵਿੱਚ ਰਾਜਨੀਤੀ ਨਾ ਕੀਤੀ ਜਾਵੇ।

ਸੁਪਰੀਮ ਕੋਰਟ ਦੀ ਝਾੜ ਪਿੱਛੋਂ ਤੇਲੰਗਾਨਾ ਦੇ ਮੁੱਖ ਮੰਤਰੀ ਨੇ ਮੰਗੀ ਮੁਆਫੀ

ਹੈਦਰਾਬਾਦ, 31 ਅਗਸਤ। ਤੇਲੰਗਾਨਾ ਦੇ ਮੁੱਖ ਮੰਤਰੀ ਰੇਵੰਤ ਰੈਡੀ ਨੇ ਭਾਰਤ ਰਾਸਟਰ ਸਮਿਤੀ (ਬੀ. ਆਰ. ਐੱਸ.) ਦੀ ਆਗੂ ਕਵਿਤਾ ਨੂੰ ਜਮਾਨਤ ਮਿਲਣ 'ਤੇ ਪਿਛਲੇ ਦਿਨੀਂ ਸਵਾਲ ਉਠਾਏ ਸਨ। ਇਸ ਪਿੱਛੋਂ ਸੁਪਰੀਮ ਕੋਰਟ ਵੱਲੋਂ ਝਾੜ ਪੈਣ 'ਤੇ ਉਨ੍ਹਾਂ ਆਪਣੀ ਟਿੱਪਣੀ ਲਈ ਮੁਆਫੀ ਮੰਗਦਿਆਂ ਕਿਹਾ ਕਿ ਉਨ੍ਹਾਂ ਨੂੰ ਨਿਆਂਪਾਲਿਕਾ 'ਚ ਪੂਰਾ ਭਰੋਸਾ ਹੈ। ਰੈੱਡੀ ਨੇ 'ਐਕਸ' ਤੇ ਇਕ ਪੋਸਟ 'ਚ ਕਿਹਾ ਕਿ ਮੈਂ ਸਮਝਦਾ ਹਾਂ ਕਿ 29 ਅਗਸਤ ਨੂੰ ਮੇਰੇ ਹਵਾਲੇ ਨਾਲ ਆਈਆਂ ਟਿੱਪਣੀਆਂ ਨੇ ਇਹ ਪ੍ਰਭਾਵ ਦਿੱਤਾ ਹੈ ਕਿ ਮੈਂ ਅਦਾਲਤ ਦੀ ਜੁਡੀਸ਼ੀਅਲ ਜਾਣਕਾਰੀ 'ਤੇ ਸਵਾਲ ਉਠਾ ਰਿਹਾ ਹਾਂ।

ਐੱਨ.ਆਈ.ਏ. ਨੇ ਰੱਖਿਆ ਸੰਬੰਧੀ ਖੁਫੀਆ ਜਾਣਕਾਰੀ ਲੀਕ ਕਰਨ ਦੇ ਮਾਮਲੇ 'ਚ 7 ਰਾਜਾਂ 'ਚ ਮਾਰੇ ਛਾਪੇ

ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ 31 ਅਗਸਤ। ਰਾਸਟਰੀ ਜਾਂਚ ਏਜੇਂਸੀ (ਐੱਨ.ਆਈ.ਏ.) ਨੇ ਪਾਕਿਸਤਾਨੀ ਜਾਸੂਸ ਗਿਰੋਹ ਰਾਹੀਂ ਰੱਖਿਆ ਸੰਬੰਧੀ ਗੁਪਤ ਜਾਣਕਾਰੀ ਲੀਕ ਹੋਣ ਦੇ ਮਾਮਲੇ ਦੀ ਜਾਂਚ ਲਈ 7 ਰਾਜਾਂ ਵਿਚ ਕਈ ਥਾਵਾਂ 'ਤੇ ਛਾਪੇਮਾਰੀ ਕੀਤੀ ਹੈ। ਵੀਰਵਾਰ ਨੂੰ ਜਾਰੀ ਇਕ ਅਧਿਕਾਰਤ ਬਿਆਨ 'ਚ ਇਹ ਜਾਣਕਾਰੀ ਦਿੱਤੀ ਗਈ। ਇਸ ਵਿਚ ਕਿਹਾ ਗਿਆ ਹੈ ਕਿ ਬੁੱਧਵਾਰ ਨੂੰ ਐੱਨ.ਆਈ.ਏ. ਟੀਮ ਦੁਆਰਾ ਛਾਪੇਮਾਰੀ ਕੀਤੀ ਗਈ ਜਗ੍ਹਾ ਸੱਕੀ ਲੋਕਾਂ ਨਾਲ ਜੁੜੀ ਹੋਈ ਸੀ ਜਿਨ੍ਹਾਂ ਨੇ ਕਥਿਤ ਤੌਰ 'ਤੇ ਭਾਰਤ ਵਿਚ ਜਾਸੂਸੀ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਪਾਕਿਸਤਾਨ ਤੋਂ ਫੰਡ ਪ੍ਰਾਪਤ ਕੀਤਾ ਸੀ। ਦੇ ਬਿਆਨ 'ਚ ਕਿਹਾ ਗਿਆ ਹੈ,"ਪਾਕਿਸਤਾਨੀ ਜਾਸੂਸੀ ਗਿਰੋਹ ਰਾਹੀਂ ਰੱਖਿਆ ਖੁਫੀਆ ਜਾਣਕਾਰੀ ਲੀਕ ਕਰਨ ਦੇ ਮਾਮਲੇ 'ਚ ਗੁਜਰਾਤ, ਕਰਨਾਟਕ, ਕੇਰਲ, ਤੇਲੰਗਾਨਾ, ਉੱਤਰ ਪ੍ਰਦੇਸ, ਬਿਹਾਰ ਅਤੇ ਹਰਿਆਣਾ 'ਚ 16 ਟਿਕਾਣਿਆਂ 'ਤੇ ਛਾਪੇ ਮਾਰੇ ਗਏ।" ਐੱਨ.ਆਈ.ਏ. ਦੀ ਛਾਪੇਮਾਰੀ ਦੌਰਾਨ 22 ਮੋਬਾਈਲ ਫੋਨ ਅਤੇ ਕਈ ਸੰਵੇਦਨਸੀਲ ਦਸਤਾਵੇਜ

ਜਬਤ ਕੀਤੇ ਗਏ ਹਨ। ਐੱਨ.ਆਈ.ਏ ਨੇ ਜੁਲਾਈ 2023 'ਚ ਕੇਸ ਨੂੰ ਆਪਣੇ ਹੱਥ 'ਚ ਲਿਆ, ਜੋ ਅਸਲ 'ਚ ਆਂਧਰਾ ਪ੍ਰਦੇਸ ਦੇ 'ਕਾਊਂਟਰ-ਇੰਟੈਲੀਜੈਂਸ ਸੈੱਲ' ਦੁਆਰਾ ਜਨਵਰੀ 2021 'ਚ ਦਰਜ ਕੀਤਾ ਗਿਆ ਸੀ। ਜਾਂਚ ਏਜੰਸੀ ਨੇ ਕਿਹਾ ਕਿ ਇਹ ਮਾਮਲਾ ਸਰਹੱਦ ਪਾਰੋਂ ਰਚੀ ਗਈ ਭਾਰਤ ਵਿਰੋਧੀ ਸਾਜ?ਿਸ ਦੇ ਹਿੱਸੇ ਵਜੋਂ ਭਾਰਤੀ ਜਲ ਸੈਨਾ ਨਾਲ ਸਬੰਧਤ ਸੰਵੇਦਨਸੀਲ ਮਹੱਤਵਪੂਰਨ ਜਾਣਕਾਰੀਆਂ ਨੂੰ ਲੀਕ ਕਰਨ ਨਾਲ ਸਬੰਧਤ ਹੈ। ਨੇ 19 ਜੁਲਾਈ 2023 ਨੂੰ ਫਰਾਰ ਪਾਕਿਸਤਾਨੀ ਨਾਗਰਿਕ ਮੀਰ ਬਾਲਾਜ ਖਾਨ ਸਮੇਤ ਦੋ ਦੋਸੀਆਂ ਖ?ਿਲਾਫ ਚਾਰਜਸੀਟ ਦਾਇਰ ਕੀਤੀ ਸੀ। ਨੇ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਖਾਨ, ਗ੍ਰਿਫਤਾਰ ਦੋਸੀ ਆਕਾਸ ਸੋਲੰਕੀ ਦੇ ਨਾਲ ਜਾਸੂਸੀ ਗਿਰੋਹ 'ਚ ਸਾਮਲ ਸੀ। ਐੱਨ.ਆਈ.ਏ. ਨੇ 6 ਨਵੰਬਰ, 2023 ਨੂੰ ਦੋ ਹੋਰ ਦੋਸੀਆਂ, ਮਨਮੋਹਨ ਸੁਰੇਂਦਰ ਪਾਂਡਾ ਅਤੇ ਐਲਵੇਨ ਦੇ ਖ?ਿਲਾਫ ਇਕ ਪੂਰਕ ਚਾਰਜਸੀਟ ਦਾਇਰ ਕੀਤੀ। ਬਿਆਨ 'ਚ ਕਿਹਾ ਗਿਆ ਹੈ ਕਿ ਪਾਂਡਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਜਦਕਿ ਪਾਕਿਸਤਾਨੀ ਜਾਸੂਸੀ ਗਿਰੋਹ ਦਾ ਮੈਂਬਰ ਅਲਵੈਨ ਫਰਾਰ ਹੈ। ਨੇ ਪਾਕਿਸਤਾਨੀ ਖੁਫੀਆ ਏਜੰਟ ਨਾਲ ਸਾਜ?ਿਸ ਰਚਣ ਦੇ ਦੋਸ 'ਚ ਇਕ ਦੋਸੀ ਅਮਨ ਸਲੀਮ ਸੇਖ ਖ?ਿਲਾਫ ਮਈ 2024 'ਚ ਦੂਜੀ ਪੂਰਕ ਚਾਰਜਸੀਟ ਦਾਇਰ ਕੀਤੀ ਸੀ।

ਸੁਰੱਖਿਆ ਸੰਮੇਲਨ 'ਚ ਹਿੱਸਾ ਲੈਣ ਲਈ ਅਜੀਤ ਡੋਭਾਲ ਕੋਲੰਬੋ ਪੁੱਜੇ

ਕੋਲੰਬੋ 31 ਅਗਸਤ। ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਕੋਲੰਬੋ ਸੁਰੱਖਿਆ ਸੰਮੇਲਨ 'ਚ ਹਿੱਸਾ ਲੈਣ ਲਈ ਇੱਥੇ ਪੁੱਜੇ। ਅਧਿਕਾਰੀਆਂ ਨੇ ਦੱਸਿਆ ਕਿ ਸੰਮੇਲਨ ਆਯੋਜਿਤ ਹੋਵੇਗਾ। ਉਨ੍ਹਾਂ ਕਿਹਾ ਕਿ ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਸ਼੍ਰੀਲੰਕਾ ਦੇ ਰਾਸ਼ਟਰਪਤੀ ਰਾਨਿਲ ਵਿਕ੍ਰਮਸਿੰਘੇ ਨਾਲ ਮੁਲਾਕਾਤ ਵੀ ਕਰਨਗੇ। ਸੰਮੇਲਨ ਆਪਣੇ ਕੋਲੰਬੋ ਸਕੱਤਰੇਤ ਦੇ ਨਾਲ ਭਾਰਤ, ਸ਼੍ਰੀਲੰਕਾ, ਮਾਲਦੀਵ ਅਤੇ ਰਾਸ਼ਟਰਪਤੀ ਰਾਨਿਲ ਸੁਰੱਖਿਆ ਸਲਾਹਕਾਰਾਂ ਅਤੇ ਉਪ ਰਾਸ਼ਟਰੀ ਸੁਰੱਖਿਆ ਸਲਾਹਕਾਰਾਂ ਨੂੰ ਇਕ ਮੰਚ 'ਤੇ ਲਿਆਉਂਦਾ ਹੈ। ਸੰਮੇਲਨ 'ਚ ਬੰਗਲਾਦੇਸ਼ ਅਤੇ ਸੇਸ਼ੈਲਸ ਨੂੰ ਆਬਜਰਵਰ ਦਾ ਦਰਜਾ ਹਾਸਲ ਹੈ। ਇਸ ਸੰਮੇਲਨ 'ਚ ਸਮੁੰਦਰੀ ਸੁਰੱਖਿਆ, ਅੱਤਵਾਦ-ਰੋਕੂ ਅਤੇ ਸਾਇਬਰ ਸੁਰੱਖਿਆ ਨਾਲ ਸਬੰਧਤ ਮੁੱਦਿਆਂ 'ਤੇ ਚਰਚਾ ਹੁੰਦੀ ਹੈ ਅਤੇ ਭਾਰਤ ਹਿੰਦ ਮਹਾਸਾਗਰ 'ਚ ਆਪਣੀ ਰਣਨੀਤਕ ਚਿੰਤਾਵਾਂ ਤੋਂ ਜਾਣੂ ਕਰਵਾਉਂਦਾ ਹੈ।

ਪਤੰਜਲੀ ਖਿਲਾਫ ਦਿੱਲੀ ਹਾਈਕੋਰਟ 'ਚ ਪਟੀਸ਼ਨ

ਨੈਸ਼ਨਲ ਡੈਸਕ 31 ਅਗਸਤ। ਪਤੰਜਲੀ ਆਯੁਰਵੇਦ ਅਤੇ ਬਾਬਾ ਰਾਮਦੇਵ ਇੱਕ ਵਾਰ ਫਿਰ ਵਿਵਾਦਾਂ ਵਿੱਚ ਹਨ। ਹਾਈ ਕੋਰਟ ਵਿੱਚ ਦਾਇਰ ਇੱਕ ਪਟੀਸਨ ਵਿੱਚ ਦੋਸ ਲਾਇਆ ਗਿਆ ਹੈ ਕਿ ਇਸਦੇ ਹਰਬਲ ਟੂਥ ਪਾਊਡਰ ਦਿਵਿਆ ਦੰਤ ਮੰਜਨ ਵਿੱਚ ਮਾਸਾਹਾਰੀ ਤੱਤ ਸਾਮਲ ਹਨ ਅਤੇ ਇਸਨੂੰ ਸਾਕਾਹਾਰੀ ਕਿਹਾ ਗਿਆ ਹੈ। ਅਦਾਲਤ ਨੇ ਪਤੰਜਲੀ ਆਯੁਰਵੇਦ ਅਤੇ ਬਾਬਾ ਰਾਮਦੇਵ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਜਸਟਿਸ ਸੰਜੀਵ ਨਰੂਲਾ ਨੇ ਕੇਂਦਰ ਸਰਕਾਰ ਅਤੇ ਪਤੰਜਲੀ ਦੀ ਦਿਵਿਆ ਫਾਰਮੇਸੀ ਨੂੰ ਵੀ ਨੋਟਿਸ ਜਾਰੀ ਕੀਤਾ, ਜੋ ਇਸ ਦੇ ਉਤਪਾਦ ਤਿਆਰ ਕਰਦੀ ਹੈ। ਮਾਮਲੇ ਦੀ ਅਗਲੀ ਸੁਣਵਾਈ 28 ਨਵੰਬਰ ਨੂੰ ਹੋਵੇਗੀ। ਐਡਵੋਕੇਟ ਯਤਿਨ ਸਰਮਾ ਰਾਹੀਂ ਦਾਇਰ ਪਟੀਸਨ ਵਿੱਚ ਦੋਸ ਲਾਇਆ ਗਿਆ ਹੈ ਕਿ ਪਤੰਜਲੀ ਦੇ ਦਿਵਿਆ ਦੰਤ ਮੰਜਨ ਦੀ ਪੈਕਿੰਗ 'ਤੇ ਇੱਕ ਵਿਸੇਸ ਹਰਾ ਬਿੰਦੂ ਹੈ, ਜੋ ਸਾਕਾਹਾਰੀ ਉਤਪਾਦਾਂ ਦਾ ਪ੍ਰਤੀਕ ਹੈ, ਪਰ ਪੈਕੇਜਿੰਗ 'ਤੇ ਸਮੱਗਰੀ ਦੀ ਸੂਚੀ ਸਪੱਸਟ ਤੌਰ 'ਤੇ ਦਰਸ਼ਾਉਂਦੀ ਹੈ ਕਿ ਟੂਥਪੇਸਟ ਪਾਊਡਰ ਵਿੱਚ ਸੀਪੀਆ ਆਫਿਸਾ?ਨੇਲਿਸ (ਖਾਰੇ ਪਾਣੀ ਵਿੱਚ ਰਹਿਣ ਵਾਲੀ ਕਟਲਫਿਸ) ਹੁੰਦੀ ਹੈ।

ਮਹਾਠੱਗ ਸੁਕੇਸ਼ ਚੰਦਰਸ਼ੇਖਰ ਨੂੰ ਵੱਡੀ ਰਾਹਤ, ਅਦਾਲਤ ਨੇ ਇਸ ਮਾਮਲੇ 'ਚ ਦਿੱਤੀ ਜਮਾਨਤ

ਨਵੀਂ ਦਿੱਲੀ 31 ਅਗਸਤ। ਦਿੱਲੀ ਦੀ ਇੱਕ ਅਦਾਲਤ ਨੇ ਸੁੱਕਰਵਾਰ ਨੂੰ ਦੇ 'ਦੋ ਪੱਤੀ' ਚੋਣ ਨਿਸਾਨ ਨਾਲ ਸਬੰਧਤ ਰਿਸਵਤ

ਦੇ ਮਾਮਲੇ ਵਿਚ ਕਥਿਤ ਠੱਗ ਸੁਕੇਸ ਚੰਦਰਸੇਖਰ ਨੂੰ ਜਮਾਨਤ ਦੇ ਦਿੱਤੀ ਹੈ। ਅਦਾਲਤ ਨੇ ਕਿਹਾ ਕਿ ਚੰਦਰਸੇਖਰ ਪਹਿਲਾਂ ਹੀ ਉਸ ਅਪਰਾਧ ਲਈ ਨਿਰਧਾਰਤ ਅਧਿਕਤਮ ਕੈਦ ਦੀ ਸਜਾ ਤੋਂ ਵੱਧ ਸਮਾਂ ਹਿਰਾਸਤ ਵਿੱਚ ਕੱਟ ਚੁੱਕਾ ਹੈ ਜਿਸਦਾ ਉਹ ਦੋਸੀ ਹੈ। ਵਿਸੇਸ ਜੱਜ ਵਿਸਾਲ ਗੋਗਨੇ ਨੇ ਸੁਕੇਸ ਨੂੰ 5 ਲੱਖ ਰੁਪਏ ਦੇ ਨਿੱਜੀ ਮੁਚਲਕੇ 'ਤੇ ਰਾਹਤ ਦਿੱਤੀ। ਚੰਦਰਸੇਖਰ 'ਤੇ ਏਆਈਏਡੀਐੱਮਕੇ ਨੇਤਾ ਟੀਟੀਵੀ ਦਿਨਾਕਰਨ ਲਈ ਵਿਚੋਲੇ ਵਜੋਂ ਕੰਮ ਕਰਨ ਅਤੇ ਵੀਕੇ ਸਸੀਕਲਾ ਦੀ ਅਗਵਾਈ ਵਾਲੇ ਪਾਰਟੀ ਧੜੇ ਲਈ 'ਦੋ ਪੱਤੀ' ਚੋਣ ਨਿਸਾਨ ਪ੍ਰਾਪਤ ਕਰਨ ਲਈ ਭਾਰਤੀ ਚੋਣ ਕਮਿਸਨ ਦੇ ਅਧਿਕਾਰੀ ਨੂੰ ਰਿਸਵਤ

ਨੂਰਪੁਰਬੇਦੀ ਇਲਾਕੇ ਦੇ ਸਮੁੱਚੇ 138 ਪਿੰਡ ਹਨ੍ਹੇਰੇ 'ਚ ਡੁੱਬੇ, ਐਮਰਜੈਂਸੀ ਵਰਗੇ ਬਣੇ ਹਾਲਾ

ਨੂਰਪੁਰਬੇਦੀ 31 ਅਗਸਤ। ਨੂਰਪੁਰਬੇਦੀ ਇਲਾਕੇ 'ਚ ਬੀਤੀ ਅੱਧੀ ਰਾਤ ਨੂੰ 3 ਵੱਖ-ਵੱਖ ਗਰਿੱਡਾਂ ਤੋਂ ਅਚਾਨਕ ਬਿਜਲੀ ਸਪਲਾਈ ਬੰਦ ਹੋ ਗਈ। ਜਿਸ ਨਾਲ ਕਰੀਬ 4 ਘੰਟੇ ਤੋਂ ਵੀ ਵੱਧ ਸਮਾਂ ਬਿਜਲੀ ਸਪਲਾਈ ਠੱਪ ਰਹਿਣ ਕਾਰਨ ਬਲਾਕ ਨੂਰਪੁਰਬੇਦੀ ਦੇ ਕਰੀਬ 138 ਪਿੰਡ ਸਮੁੱਚੀ ਰਾਤ ਹਨ੍ਹੇਰੇ 'ਚ ਡੁੱਬੇ ਰਹੇ ਅਤੇ ਇਸ ਦੇ ਚੱਲਦਿਆਂ ਅਚਾਨਕ ਐਮਰਜੈਂਸੀ ਵਰਗੇ ਹਾਲਾਤ ਪੈਦਾ ਹੋ ਗਏ। ਜ਼ਿਕਰਯੋਗ ਕਿ ਨੂਰਪੁਰਬੇਦੀ ਖੇਤਰ 'ਚ ਸਥਾਪਿਤ 3 ਗਰਿੱਡਾਂ ਨੂਰਪੁਰਬੇਦੀ, ਬਜਰੂੜ ਅਤੇ ਨਲਹੋਟੀ ਨੂੰ 132 ਕੇ. ਵੀ. ਸਬ-ਸਟੇਸ਼ਨ ਸ੍ਰੀ ਅਨੰਦਪੁਰ ਸਾਹਿਬ ਤੋਂ ਬਿਜਲੀ ਸਪਲਾਈ ਮੁਹੱਈਆ ਕਰਵਾਈ ਜਾਂਦੀ ਹੈ। ਜਿੱਥੋਂ ਅੱਗੇ ਨੂਰਪੁਰਬੇਦੀ ਖੇਤਰ ਦੇ ਤਮਾਮ ਫੀਡਰਾਂ ਰਾਹੀਂ ਸਮੁੱਚੇ ਇਲਾਕੇ ਦੇ ਪਿੰਡਾਂ ਨੂੰ ਬਿਜਲੀ ਸਪਲਾਈ ਕੀਤੀ ਜਾਂਦੀ ਹੈ ਪਰ ਰਾਤ ਕਰੀਬ 12.45 ਵਜੇ ਅਚਾਨਕ ਤਿੰਨਾਂ ਗਰਿੱਡਾਂ ਤੋਂ ਬਿਜਲੀ ਸਪਲਾਈ ਠੱਪ ਹੋ ਗਈ। ਜਿਸ ਤੋਂ ਬਾਅਦ ਪਾਵਰਕਾਮ ਦੇ ਅਧਿਕਾਰੀਆਂ ਨੇ ਪੈਟਰੋਲਿੰਗ ਸ਼ੁਰੂ ਕਰਕੇ ਫਾਲਟ ਲੱਭਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਉਪਰੰਤ ਅੱਧੀ ਰਾਤ ਨੂੰ ਬਿਜਲੀ ਅਧਿਕਾਰੀਆਂ ਵੱਲੋਂ ਦੱਸਣ 'ਤੇ ਰੂਪਨਗਰ ਤੋਂ ਪਹੁੰਚੀ ਏ. ਓ. ਟੀ. ਐੱਲ. ਦੀ ਇਕ ਵਿਸ਼ੇਸ਼ ਟੀਮ ਨੇ ਉਕਤ ਫਾਲਟ ਦਰੁੱਸਤ ਕੀਤਾ। ਜਿਸ ਤੋਂ ਉਪਰੰਤ ਕਰੀਬ 4 ਘੰਟਿਆਂ ਤੋਂ ਵੀ ਵੱਧ ਸਮੇਂ ਬਾਅਦ ਸਵੇਰੇ ਕਰੀਬ 5 ਵਜੇ ਉਕਤ 138 ਪਿੰਡਾਂ ਦੀ ਬਿਜਲੀ ਸਪਲਾਈ ਬਹਾਲ ਹੋਣ ਨਾਲ ਲੋਕਾਂ ਨੇ ਸੁੱਖ ਦਾ ਸਾਹ ਲਿਆ ਅਤੇ ਜ਼ਿੰਦਗੀ ਮੁੜ ਪਟੜੀ 'ਤੇ ਪਹੁੰਚੀ। ਉਕਤ ਬਿਜਲੀ ਸਪਲਾਈ ਬੰਦ ਰਹਿਣ ਕਾਰਨ ਮਈ ਮਹੀਨੇ 'ਚ ਪੈ ਰਹੀ ਅੱਤ ਦੀ ਗਰਮੀ ਦੌਰਾਨ ਲੋਕਾਂ ਨੂੰ ਸਮੁੱਚੀ ਰਾਤ ਗਰਮੀ ਨਾਲ ਬੇਹਾਲ ਹੋਣਾ ਪਿਆ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸ਼ਾਮ ਸਮੇਂ ਚੱਲੀ ਤੇਜ਼ ਹਨ੍ਹੇਰੀ ਕਾਰਨ ਪਹਿਲਾਂ ਹੀ ਇਲਾਕੇ ਦੇ ਕਈ ਪਿੰਡਾਂ 'ਚ ਬਿਜਲੀ ਸਪਲਾਈ ਅਜੇ ਬਹਾਲ ਵੀ ਨਹੀਂ ਹੋ ਸਕੀ ਸੀ ਕਿ ਰਾਤ ਸਮੇਂ ਸਮੁੱਚੇ ਇਲਾਕੇ ਦੀ ਬਿਜਲੀ ਸਪਲਾਈ ਬੰਦ ਹੋ ਗਈ। ਪਾਵਰਕਾਮ ਦੇ ਅਧਿਕਾਰੀਆਂ ਅਨੁਸਾਰ ਉਕਤ ਹਨ੍ਹੇਰੀ ਦੌਰਾਨ ਕਰੀਬ 11 ਤੋਂ 12 ਬਿਜਲੀ ਦੇ ਖੰਭੇ ਟੁੱਟ ਗਏ। ਜਦਕਿ 2 ਟਰਾਂਸਫਾਰਮਰ ਵੀ ਪੋਲਾਂ ਤੋਂ ਹੇਠਾਂ ਡਿੱਗ ਗਏ। ਜਿਸ ਨਾਲ ਸ਼ਾਮੀਂ 5 ਵਜੇ ਤੋਂ ਰਾਤ 12 ਵਜੇ ਤੱਕ ਵੀ ਕਈ ਪਿੰਡਾਂ 'ਚ ਬਿਜਲੀ ਸਲਪਾਈ ਬਹਾਲ ਨਾ ਹੋ ਸਕੀ। ਜਦਕਿ ਕਈ ਪਿੰਡਾਂ 'ਚ ਵਾਟਰ ਸਪਲਾਈਆਂ ਦੇ ਨਾ ਚੱਲਣ ਕਾਰਨ ਅੱਜ ਵੀ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ। ਇਸ ਦੌਰਾਨ ਪਾਵਰਕਾਮ ਨੇ ਖੇਤੀਬਾੜੀ ਕੁਨੈਕਸ਼ਨਾਂ ਦੀ ਬਿਜਲੀ ਸਪਲਾਈ ਬੰਦ ਰੱਖ ਕੇ ਵੀ ਘਰੇਲੂ ਖਪਤਕਾਰਾਂ ਨੂੰ ਪਹਿਲ ਦੇ ਆਧਾਰ 'ਤੇ ਬਿਜਲੀ ਸਲਪਾਈ ਦੇਣ ਦੀ ਕੋਸ਼ਿਸ਼ ਕੀਤੀ। ਜ਼ਿਕਰਯੋਗ ਹੈ ਕਿ ਜਦੋਂ ਕਦੇ ਵੀ 66 ਕੇ. ਵੀ. ਲਾਈਨ 'ਚ ਫਾਲਟ ਪੈ ਜਾਂਦਾ ਹੈ ਤਾਂ ਅਕਸਰ 138 ਪਿੰਡਾਂ ਦੀ 3 ਤੋਂ 4 ਘੰਟੇ ਬਿਜਲੀ ਸਪਲਾਈ ਪ੍ਰਭਾਵਿਤ ਰਹਿੰਦੀ ਹੈ। ਕਿਉਂਕਿ ਕਿ ਸ਼੍ਰੀ ਅਨੰਦਪੁਰ ਸਾਹਿਬ ਤੋਂ

ਨੂਰਪੁਰਬੇਦੀ ਨੂੰ ਬਿਜਲੀ ਸਪਲਾਈ ਦਾ ਕੇਵਲ ਇਕ ਰੂਟ ਹੀ ਮੌਜੂਦ ਹੈ ਜੋ ਸਤਲੁਜ ਦਰਿਆ 'ਚੋਂ ਹੋ ਕੇ ਗੁਜਰਦਾ ਹੈ। ਜਦਕਿ ਹੋਰਨਾਂ ਇਲਾਕਿਆਂ 'ਚ ਅਜਿਹੀ ਸਥਿਤੀ ਨਾਲ ਨਿਪਟਣ ਲਈ 2 ਰੂਟ ਮੌਜੂਦ ਰਹਿੰਦੇ ਜਿਸ ਰਾਹੀਂ ਐਮਰਜੈਂਸੀ ਦੇ ਹਾਲਾਤ 'ਚ ਦੂਜੇ ਰੂਟ ਰਾਹੀਂ ਬਿਜਲੀ ਸਪਲਾਈ ਬਹਾਲ ਕੀਤੀ ਜਾ ਸਕਦੀ ਹੈ। ਇਲਾਕਾ ਨਿਵਾਸੀਆਂ ਨੇ ਮੰਗ ਕੀਤੀ ਕਿ ਜਿਸ ਦੂਸਰੇ ਰੂਟ ਦਾ ਸਰਵੇ ਕੀਤਾ ਗਿਆ ਹੈ ਨੂੰ ਜਲਦ ਪਾਵਰਕਾਮ ਵੱਲੋਂ ਚਾਲੂ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਭਵਿੱਖ 'ਚ ਬਿਜਲੀ ਗੁੱਲ ਰਹਿਣ ਕਾਰਨ ਅਜਿਹੇ ਹਾਲਾਤਾਂ ਦਾ ਸਾਹਮਣਾ ਨਾ ਕਰਨਾ ਪਵੇ। ਇਸ ਸਬੰਧੀ ਗੱਲ ਕਰਨ 'ਤੇ ਪੰਜਾਬ ਰਾਜ ਪਾਵਰਕਾਮ ਲਿਮਟਿਡ ਦਫ਼ਤਰ ਨੂਰਪੁਰਬੇਦੀ ਦੇ ਐੱਸ. ਡੀ. ਓ. ਬਿਕਰਮ ਸੈਣੀ ਨੇ ਦੱਸਿਆ ਕਿ ਸ੍ਰੀ ਅਨੰਦਪੁਰ ਸਾਹਿਬ-ਨੂਰਪੁਰਬੇਦੀ 66 ਕੇ. ਵੀ. ਲਾਈਨ 'ਤੇ ਕਰੀਬ 3 ਕਿਲੋਮੀਟਰ ਦੀ ਦੂਰੀ 'ਤੇ ਲੱਗੇ ਕੁਝ ਇਨਸੂਲੇਟਰਾਂ (ਡਿਸਕਾਂ) 'ਚ ਨੁਕਸ ਪੈਣ ਕਾਰਨ ਬਿਜਲੀ ਸਪਲਾਈ 'ਚ ਵਿਘਨ ਪਿਆ ਸੀ ਅਤੇ ਜਿਸ ਨੂੰ ਵਿਭਾਗ ਦੇ ਕਰਮਚਾਰੀਆਂ ਵੱਲੋਂ 4 ਘੰਟੇ ਦੀ ਸਖਤ ਮਿਹਨਤ ਕਰਨ ਉਪਰੰਤ ਦਰੁੱਸਤ ਕਰਕੇ ਸਵੇਰੇ ਬਹਾਲ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਜ਼ਿਆਦਾਤਰ ਬਿਜਲੀ ਲਾਈਨਾਂ ਦੇ ਲਾਗੇ ਲਗਾਏ ਗਏ ਦਰੱਖਤਾਂ ਕਾਰਨ ਵੀ ਹਨ੍ਹੇਰੀ ਚੱਲਣ 'ਤੇ ਬਿਜਲੀ ਸਲਪਾਈ 'ਚ ਰੁਕਾਵਟ ਪੈਂਦੀ ਹੈ। ਜਿਸ ਲਈ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਪਾਵਰਕਾਮ ਵੱਲੋਂ ਨਿਰਧਾਰਿਤ ਕੀਤੇ ਮਾਪਦੰਡ ਅਨੁਸਾਰ ਉਹ ਬਿਜਲੀ ਲਾਈਨਾਂ ਤੋਂ ਸਹੀ ਦੂਰੀ ਰੱਖ ਕੇ ਹੀ ਪੌਦੇ ਵਗੈਰਾ ਲਗਾਉਣ ਤਾਂ ਜੋ ਆਮ ਲੋਕਾਂ ਨੂੰ ਬੇਲੋੜੀ ਬਿਜਲੀ ਬੰਦ ਰਹਿਣ ਵਰਗੇ ਹਾਲਾਤ ਦਾ ਸਾਹਮਣਾ ਨਾ ਕਰਨਾ ਪਵੇ।

ਇਨਸਾਨੀਅਤ ਸ਼ਰਮਸਾਰ: ਸੜਕ ਕਿਨਾਰੇ ਮਿਲਿਆ ਨਵਜੰਮਿਆ ਬੱਚਾ

ਬਠਿੰਡਾ 31 ਅਗਸਤ। ਮੁਲਤਾਨੀਆ ਰੋਡ 'ਤੇ ਸੜਕ ਕਿਨਾਰੇ ਅੱਜ ਉਸ ਸਮੇਂ ਸਨਸਨੀ ਫੈਲ ਗਈ, ਜਦੋਂ ਇਕ ਔਰਤ ਨੂੰ ਨਵਜੰਮਿਆ ਬੱਚਾ ਮਿਲਿਆ। ਉਕਤ ਸੜਕ ਕੋਲੋ ਲੰਘ ਰਹੀ ਔਰਤ ਨੇ ਉਸ ਨੂੰ ਚੁੱਕ ਕੇ ਸਿਵਲ ਹਸਪਤਾਲ ਦੇ ਜੱਚਾ-ਬੱਚਾ ਵਾਰਡ 'ਚ ਲੈ ਗਈ। ਡਾਕਟਰਾਂ ਨੇ ਬੱਚੇ ਦੀ ਹਾਲਤ ਨੂੰ ਦੇਖਦੇ ਹੋਏ ਉਸ ਨੂੰ ਆਈ. ਸੀ. ਯੂ. ਵਾਰਡ 'ਚ ਦਾਖਲ ਕਰਵਾ ਦਿੱਤਾ ਅਤੇ ਹੁਣ ਉਸ ਦਾ ਇਲਾਜ ਕੀਤਾ ਜਾ ਰਿਹਾ ਹੈ। ਇਸ ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਸਿਵਲ ਹਸਪਤਾਲ ਦੇ ਡਾਕਟਰ ਰਾਹੁਲ ਮਦਾਨ ਨੇ ਦੱਸਿਆ ਕਿ ਮੰਗਲਵਾਰ ਨੂੰ ਇਕ ਔਰਤ ਨਵਜੰਮੇ ਬੱਚੇ ਨੂੰ ਲੈ ਕੇ ਹਸਪਤਾਲ ਪਹੁੰਚੀ ਸੀ। ਔਰਤ ਅਨੁਸਾਰ ਉਸ ਨੇ ਉਕਤ ਬੱਚਾ ਮੁਲਤਾਨੀਆ ਓਵਰਬ੍ਰਿਜ ਨੇੜੇ ਸੜਕ ਕਿਨਾਰੇ ਪਿਆ ਹੋਇਆ ਦੇਖਿਆ ਸੀ। ਇਨਸਾਨੀਅਤ ਦੇ ਨਾਤੇ ਉਸ ਨੇ ਬੱਚੇ ਨੂੰ ਚੁੱਕਿਆ ਅਤੇ ਤੁਰੰਤ ਹਸਪਤਾਲ ਲੈ ਆਈ। ਦੂਜੇ ਪਾਸੇ ਇਸ ਮਾਮਲੇ ਦੀ ਸੂਚਨਾ ਸਿਵਲ ਹਸਪਤਾਲ ਦੀ ਪੁਲਸ ਚੌਕੀ ਨੂੰ ਦਿੱਤੀ ਗਈ ਹੈ। ਪੁਲਸ ਨੇ ਮਾਮਲੇ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਹੈ।

ਮਲੂਕਪੁਰਾ ਮਾਈਨਰ 'ਚੋਂ ਅਣਪਛਾਤੇ ਵਿਅਕਤੀ ਦੀ ਲਾਸ਼ ਬਰਾਮਦ

ਅਬੋਹਰ 31 ਅਗਸਤ। ਅੱਜ ਸਵੇਰੇ ਅਬੋਹਰ ਹਨੂੰਮਾਨਗੜ੍ਹ ਰੋਡ ਤੋਂ ਲੰਘਦੀ ਮਲੂਕਪੁਰਾ ਮਾਈਨਰ ਵਿਚ ਇਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲਣ ਦੀ ਸੂਚਨਾ ਮਿਲੀ ਹੈ। ਮੌਕੇ 'ਤੇ ਪਹੁੰਚੀ ਪੀ.ਸੀ.ਆਰ ਪੁਲਸ ਨੇ ਨਰ ਸੇਵਾ ਨਰਾਇਣ ਸੇਵਾ ਸੰਮਤੀ ਦੇ ਸਹਿਯੋਗ ਨਾਲ ਬਾਹਰ ਕੱਢ ਕੇ ਪਛਾਣ ਲਈ ਹਸਪਤਾਲ ਦੇ ਮੁਰਦਾਘਰ ਵਿਚ ਰਖਵਾ ਦਿੱਤੀ। ਮਾਮਲੇ ਦੀ

ਸੂਚਨਾ ਥਾਣਾ ਨੰਬਰ 2 ਦੀ ਪੁਲਸ ਨੂੰ ਦੇ ਦਿੱਤੀ ਗਈ ਹੈ। ਜਾਣਕਾਰੀ ਦਿੰਦਿਆਂ ਸੰਮਤੀ ਮੈਂਬਰ ਬਿੱਟੂ ਨਰੂਲਾ ਨੇ ਦੱਸਿਆ ਕਿ ਅੱਜ ਸਵੇਰੇ ਉਨ੍ਹਾਂ ਨੂੰ ਨਹਿਰ 'ਚ ਕਿਸੇ ਅਣਪਛਾਤੇ ਵਿਅਕਤੀ ਦੀ ਲਾਸ਼ ਫਸੀ ਹੋਣ ਦੀ ਸੂਚਨਾ ਮਿਲੀ ਸੀ, ਜਿਸ 'ਤੇ ਸੰਮਤੀ ਮੈਂਬਰਾਂ ਚਰਨਜੀਤ, ਸੁਭਾਸ਼ ਕੰਬੋਜ, ਰਾਧਾ ਅਤੇ ਸ਼ੇਰਾ ਦੀ ਮਦਦ ਨਾਲ ਲਾਸ਼ ਨੂੰ ਨਹਿਰ 'ਚੋਂ ਬਾਹਰ ਕੱਢਿਆ ਗਿਆ। ਸੂਚਨਾ ਮਿਲਦੇ ਹੀ ਪੀਸੀਆਰ ਦੇ ਸੋਨਪਾਲ ਵੀ ਆਪਣੀ ਟੀਮ ਨਾਲ ਪਹੁੰਚ ਗਏ। ਬਿੱਟੂ ਨਰੂਲਾ ਨੇ ਦੱਸਿਆ ਕਿ ਮ੍ਰਿਤਕ ਦੀ ਉਮਰ 40 ਤੋਂ 45 ਸਾਲ ਦੇ ਕਰੀਬ ਹੈ ਅਤੇ ਉਸ ਨੇ ਗ੍ਰੇ ਲਾਈਟ ਰੰਗ ਦੀ ਕਮੀਜ਼ ਅਤੇ ਪਜਾਮਾ ਪਾਇਆ ਹੋਇਆ ਹੈ। ਇਸ ਤੋਂ ਇਲਾਵਾ ਲਾਸ਼ ਕਰੀਬ 4 ਤੋਂ 5 ਦਿਨ ਪੁਰਾਣੀ ਹੈ। ਸ਼ਨਾਖਤ ਨਾ ਹੋਣ ਕਾਰਨ ਮ੍ਰਿਤਕ ਦੀ ਲਾਸ਼ ਨੂੰ 72 ਘੰਟਿਆਂ ਲਈ ਹਸਪਤਾਲ ਦੇ ਮੁਰਦਾਘਰ ਵਿੱਚ ਰਖਵਾਇਆ ਗਿਆ ਹੈ।

ਗੁਰੂ ਨਾਨਕ ਦੇਵ ਹਸਪਤਾਲ 'ਚ ਚੋਰ ਰੰਗੇ ਹੱਥੀ ਕਾਬੂ, ਮੈਡੀਕਲ ਸੁਪਰੀਡੈਂਟ ਨੇ ਕਰਵਾਇਆ ਪੁਲਸ ਹਵਾਲੇ

ਅੰਮ੍ਰਿਤਸਰ 31 ਅਗਸਤ। ਗੁਰੂ ਨਾਨਕ ਦੇਵ ਹਸਪਤਾਲ 'ਚ ਬੀਤੀ ਦੇਰ ਸਾਮ ਇਕ ਚੋਰ ਨੂੰ ਹਸਪਤਾਲ 'ਚ ਲੱਗੇ ਏ. ਸੀ. ਦੀਆਂ ਕਾਪਰ ਪਾਈਪਾਂ ਚੋਰੀ ਕਰਦੇ ਰੰਗੇ ਹਾਥੀ ਕਾਬੂ ਕੀਤਾ ਗਿਆ ਹੈ। ਹਸਪਤਾਲ ਪ੍ਰਸ਼ਾਸਨ ਵੱਲੋਂ ਚੋਰ ਨੂੰ ਥਾਣਾ ਮਜੀਠਾ ਰੋਡ ਦੇ ਹਵਾਲੇ ਕਰ ਦਿੱਤਾ ਗਿਆ ਹੈ। ਹਸਪਤਾਲ ਦੇ ਮੈਡੀਕਲ ਸੁਪਰੀਡੈਂਟ ਡਾਕਟਰ ਕਰਮਜੀਤ ਸਿੰਘ ਨੇ ਦੱਸਿਆ ਕਿ ਅਕਸਰ ਹੀ ਉਕਤ ਵਿਅਕਤੀ ਹਸਪਤਾਲ 'ਚ ਚੱਕਰ ਲਾਉਂਦਾ ਰਹਿੰਦਾ

ਸੀ। ਹਸਪਤਾਲ ਦੀ ਰਸੋਈ 'ਚ ਕੁਝ ਸਮਾਂ ਪਹਿਲਾਂ ਹੀ 2 ਲੱਖ ਦੇ ਕਰੀਬ ਦੀ ਲਾਗਤ ਨਾਲ ਲਾਏ ਏ. ਸੀ. ਦੀਆਂ ਕਾਪਰ ਦੀਆਂ ਪਾਈਪਾਂ ਉਕਤ ਚੋਰ ਵੱਲੋਂ ਕੱਟ ਕੇ ਚੋਰੀ ਕਰ ਲਈਆਂ ਗਈਆਂ। ਮੌਕੇ 'ਤੇ ਹਸਪਤਾਲ ਦੇ ਸਟਾਫ ਵੱਲੋਂ ਚੋਰ ਨੂੰ ਫੜ ਲਿਆ ਗਿਆ ਅਤੇ ਉਸ ਕੋਲੋਂ ਪਾਈਪਾਂ ਅਤੇ ਔਜਾਰ ਵੀ ਬਰਾਮਦ ਕੀਤੇ ਗਏ ਹਨ। ਡਾਕਟਰ ਕਰਮਜੀਤ ਸਿੰਘ ਨੇ ਦੱਸਿਆ ਕਿ ਮੌਕੇ 'ਤੇ ਹੀ ਥਾਣਾ ਮਜੀਠਾ ਰੋਡ ਜਾ ਕੇ ਉਨ੍ਹਾਂ ਖੁਦ ਚੋਰ ਨੂੰ ਪੁਲਸ ਦੇ ਹਵਾਲੇ ਕਰ ਦਿੱਤਾ ਹੈ। ਪੁਲਸ ਨੂੰ ਉਨ੍ਹਾਂ ਦੱਸਿਆ ਹੈ ਕਿ ਪਹਿਲਾਂ ਵੀ ਇਹ ਵਿਅਕਤੀ ਸੱਕੀ ਰਹਿ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਕਹਿਣ ਨੂੰ ਤਾਂ ਚੋਰ ਆਪਣੇ ਆਪ ਨੂੰ ਤੁੰਗਾਂ ਦਾ ਰਹਿਣ ਵਾਲਾ ਦੱਸ ਰਿਹਾ ਹੈ ਪਰ ਉਸ ਕੋਲੋਂ ਜਿਹੜੀ ਬੈਂਕ ਖਾਤੇ ਦੀ ਕਾਪੀ ਬਰਾਮਦ ਹੋਈ ਹੈ, ਉਸ 'ਚ ਈ. ਐੱਸ. ਆਈ. ਕੁਆਰਟਰਾਂ ਦਾ ਐਡਰੈੱਸ ਲਿਖਿਆ ਹੋਇਆ ਹੈ।

ਚਾਚੇ ਦੀ ਜਬਰਦਸਤੀ ਫਸਲ ਵੱਢਣ ਤੇ ਮਾਰਕੁੱਟ ਕਰਨ ਵਾਲੇ 3 ਭਤੀਜੇ ਨਾਮਜ਼ਦ

ਤਰਨਤਾਰਨ 31 ਅਗਸਤ। ਕਣਕ ਦੀ ਫਸਲ ਨੂੰ ਜਬਰਦਸਤੀ ਵੱਢਣ ਅਤੇ ਮਾਰਕੁੱਟ ਕਰਨ ਦੇ ਮਾਮਲੇ ਵਿਚ ਥਾਣਾ ਚੋਹਲਾ ਸਾਹਿਬ ਦੀ ਪੁਲਸ ਨੇ ਤਿੰਨ ਵਿਅਕਤੀਆਂ ਨੂੰ ਨਾਮਜ਼ਦ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮੱਸਾ ਸਿੰਘ ਪੁੱਤਰ ਨਰਾਇਣ ਸਿੰਘ ਵਾਸੀ ਸੰਗਤਪੁਰਾ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਸ ਦੀ ਪਿੰਡ ਸੰਗਤਪੁਰਾ ਵਿਚ ਇਕ ਕਿੱਲਾ ਇਕ ਕਨਾਲ ਮਾਲਕੀ ਜ਼ਮੀਨ ਹੈ ਜਿਸ ਵਿਚ ਉਸਨੇ ਕਣਕ ਦੀ ਫਸਲ ਬੀਜੀ ਹੋਈ ਸੀ। ਉਸ ਦਾ ਮੁੰਡਾ ਗੁਰਦਿਆਲ ਸਿੰਘ ਜੋ ਅੰਮ੍ਰਿਤਸਰ ਅੰਨਗੜ੍ਹ ਵਿਖੇ ਇਕ ਫੈਕਟਰੀ ਵਿਚ ਕੰਮ ਕਰਦਾ ਹੈ, ਉਸ ਨੂੰ ਕਰੀਬ ਛੇ ਮਹੀਨੇ ਪਹਿਲਾਂ ਆਪਣੇ ਨਾਲ ਕਿਰਾਏ ਦੇ ਮਕਾਨ ਵਿਚ ਅੰਮ੍ਰਿਤਸਰ ਲੈ ਗਿਆ ਸੀ। ਉਸਨੇ ਆਪਣੀ ਜ਼ਮੀਨ ਆਪਣੇ ਪਿੰਡ ਦੇ ਵਸਨੀਕ ਸੁਖਦੇਵ ਸਿੰਘ ਪੁੱਤਰ ਬਿਸ਼ਨ ਸਿੰਘ ਵਾਸੀ ਸੰਗਤਪੁਰ ਨੂੰ ਬਹਿ ਵੇਚ ਦਿੱਤੀ ਸੀ। ਇਸ ਸਬੰਧੀ ਜ਼ਮੀਨ ਵੇਚਣ ਦਾ ਪਤਾ ਜਦੋਂ ਉਸਦੇ ਭਤੀਜਿਆਂ ਸੁਖਦੇਵ ਸਿੰਘ, ਬਲਦੇਵ ਸਿੰਘ ਅਤੇ ਹਰਦੇਵ ਸਿੰਘ ਨੂੰ ਲੱਗਾ ਤਾਂ ਉਨ੍ਹਾਂ ਇਸ ਗੱਲ ਤੋਂ ਮੇਰੇ ਨਾਲ ਕਾਫੀ ਬਹਿਸਬਾਜ਼ੀ ਕੀਤੀ ਅਤੇ ਉਸ ਦੀ ਖਿੱਚ ਧੂਹ ਵੀ ਕੀਤੀ। ਬੀਤੀ 28 ਅਪ੍ਰੈਲ ਨੂੰ ਜਦੋਂ ਉਹ ਦੁਬਾਰਾ

ਅੰਮ੍ਰਿਤਸਰ ਵਾਲੇ ਘਰ ਦੇ ਗੁਆਂਢੀ ਭੁਪਿੰਦਰ ਸਿੰਘ ਅਤੇ ਉਸਦੀ ਪਤਨੀ ਪੂਜਾ ਵਾਸੀ ਅੰਨਗੜ੍ਹ ਸਮੇਤ ਛੋਟਾ ਹਾਥੀ ਲੈ ਕੇ ਆਪਣਾ ਜ਼ਰੂਰੀ ਘਰੇਲੂ ਸਮਾਨ ਲੈਣ ਲਈ ਪਿੰਡ ਸੰਗਤਪੁਰ ਵਾਲੇ ਘਰ ਪੁੱਜਾ ਤਾਂ ਸ਼ਾਮ ਕਰੀਬ ਪੰਜ ਵਜੇ ਉਸਦੇ ਭਤੀਜਿਆਂ ਨੇ ਉਸ ਦੀ ਮਾਰਕੁੱਟ ਕੀਤੀ, ਜਿਸ ਤੋਂ ਬਾਅਦ ਉਸ ਨੂੰ ਹਸਪਤਾਲ ਵਿਖੇ ਦਾਖਲ ਕਰਵਾ ਦਿੱਤਾ ਗਿਆ। ਇਸ ਤੋਂ ਬਾਅਦ ਬੀਤੀ 2 ਮਈ ਦੀ ਕਰੀਬ ਸ਼ਾਮ 6 ਵਜੇ ਉਸ ਨੂੰ ਜ਼ਮੀਨ ਖਰੀਦਣ ਵਾਲੇ ਸੁਖਦੇਵ ਸਿੰਘ ਨੇ ਫੋਨ ਕਰਕੇ ਦੱਸਿਆ ਕਿ ਉਸ ਦੇ ਭਤੀਜਿਆਂ ਵੱਲੋਂ ਜ਼ਮੀਨ ਵਿਚ ਬੀਜੀ ਕਣਕ ਦੀ ਫਸਲ ਨੂੰ ਟਰੈਕਟਰ ਟਰਾਲੀ ਵਿਚ ਲੱਦ ਕੇ ਨਾਲ ਲੈ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਚੋਹਲਾ ਸਾਹਿਬ ਦੇ ਏ. ਐੱਸ. ਆਈ. ਗੁਰਮੁਖ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਮੱਸਾ ਸਿੰਘ ਦੇ ਬਿਆਨਾਂ ਹੇਠ ਸੁਖਦੇਵ ਸਿੰਘ, ਬਲਦੇਵ ਸਿੰਘ, ਹਰਦੇਵ ਸਿੰਘ ਪੁੱਤਰਾਨ ਤਾਰਾ ਸਿੰਘ ਵਾਸੀ ਸੰਗਤਪੁਰਾ ਸਮੇਤ ਕੁਝ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਸਰਹੱਦੀ ਇਲਾਕਿਆਂ 'ਚ ਪ੍ਰਭਾਵਿਤ ਪਰਿਵਾਰਾਂ ਨੂੰ ਵੰਡੀ ਗਈ 795 ਟਰੱਕ ਦੀ ਰਾਹਤ ਸਮੱਗਰੀ

ਜੰਮੂ ਕਸ਼ਮੀਰ/ਜਲੰਧਰ 31 ਅਗਸਤ। ਪੰਜਾਬ ਕੇਸਰੀ ਪੱਤਰ ਸਮੂਹ ਪਿਛਲੇ 25 ਸਾਲਾਂ ਤੋਂ ਦਾਨਵੀਰ ਸੱਜਣਾਂ ਦੇ ਸਹਿਯੋਗ ਨਾਲ ਸਰਹੱਦੀ ਇਲਾਕਿਆਂ 'ਚ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਲਈ ਯਤਨਸ਼ੀਲ ਹੈ। ਇਸੇ ਸਬੰਧੀ ਬੀਤੇ ਦਿਨ ਸਰਹੱਦੀ ਪਿੰਡ ਰਮਕਾਲਵਾ (ਬਲਾਕ ਭੋਮਾਲ) ਜ਼ਿਲ੍ਹਾ ਪਠਾਨਕੋਟ 'ਚ 795ਵਾਂ ਰਾਹਤ ਵੰਡ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਮੌਕੇ ਜਲੰਧਰ ਤੋਂ ਮੁਸਕਾਨ ਜੈਨ ਦੀ ਪ੍ਰੇਰਣਾ ਨਾਲ 'ਜੈਨ ਮਿਲਨ ਸੰਸਥਾਨ'ਵੱਲੋਂ ਭਿਜਵਾਇਆ ਗਿਆ ਰਾਸ਼ਨ 200 ਪਰਿਵਾਰਾਂ ਨੂੰ ਵੰਡਿਆ ਗਿਆ। ਰਾਹਤ ਸਮੱਗਰੀ ਭੇਟ ਕਰਦੇ ਯਸ਼ਪਾਲ ਵਰਮਾ, ਇਕਬਾਲ ਸਿੰਘ ਅਰਨੇਜਾ, ਸਰਬਦੀਪ ਕੌ

ਵਿਦੇਸ਼ ਭੇਜਣ ਦੇ ਨਾਂ 'ਤੇ 7 ਨੌਜਵਾਨਾਂ ਨੂੰ ਟਰੈਵਲ ਏਜੰਟ ਨੇ ਬਣਾਇਆ ਠੱਗੀ ਦਾ ਸ਼ਿਕਾਰ

ਖਾਲੜਾ 31 ਅਗਸਤ। ਬੇਸੱਕ ਪੰਜਾਬ ਅੰਦਰ ਨਿੱਤ ਦਿਹਾੜੇ ਨੌਜਵਾਨਾਂ ਦੇ ਟਰੈਵਲ ਏਜੰਟਾਂ ਵੱਲੋਂ ਧੋਖਾਧੜੀ ਕਰਨ ਦੀਆਂ ਖਬਰਾ ਸੁਨਣ ਨੂੰ ਮਿਲਦੀਆਂ ਹਨ, ਪਰ ਇਹ ਸਿਲਸਿਲਾ ਲਗਾਤਾਰ ਬਾਦਸਤੂਰ ਜਾਰੀ ਹੈ । ਜਿਸਦੀ ਤਾਜੀ ਮਿਸਾਲ ਕਸਬਾ ਖਾਲੜਾ ਨਜਦੀਕ ਪੈਂਦੇ ਪਿੰਡ ਨਾਰਲੀ ਅਮੀਸਾਹ ਅਤੇ ਪਲੋਪੱਤੀ ਦੇ ਨੌਜਵਾਨਾਂ ਨਾਲ ਹੋਈ ਠੱਗੀ ਤੋਂ ਮਿਲਦੀ ਹੈ। ਜਿਥੇ ਵਿਦੇਸ ਭੇਜਣ ਦੇ ਨਾਂ 'ਤੇ ਇੱਕ ਫਰਜੀ ਟਰੈਵਲ ਏਜੰਟ ਵੱਲੋਂ ਪਿੰਡ ਨਾਰਲੀ, ਅਮੀਸਾਹ, ਪਲੋਪੱਤੀ ਦੇ ਵਸਨੀਕ 7 ਨੌਜਵਾਨਾਂ ਨਾਲ 83 ਲੱਖ ਰੁਪਏ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ । ਇਸ ਸਬੰਧੀ ਜਾਣਕਾਰੀ ਦਿੰਦਿਆਂ ਪੀੜਤ ਨੌਜਵਾਨਾਂ ਨੇ ਦੱਸਿਆ ਕਿ ਪਿੰਡ ਨਾਰਲੀ ਦੇ ਨਿਵਾਸੀ ਫਰਜੀ ਟਰੈਵਲ ਏਜੰਟ ਗੁਰਮੇਲ ਸਿੰਘ ਉਰਫ ਬਿੱਟੂ ਪੁੱਤਰ ਕਰਤਾਰ ਸਿੰਘ ਵੱਲੋਂ ਆਪਣੇ ਪੈਰਿਸ ਵਿੱਚ ਰਹਿੰਦੇ ਪੁੱਤਰ ਗੁਰਜੀਤ ਸਿੰਘ ਨਾਲ ਮਿਲਕੇ ਸਾਡੇ ਨਾਲ ਇਹ ਠੱਗੀ ਕੀਤੀ ਗਈ ਹੈ । ਉਹਨਾਂ ਕਿਹਾ ਕਿ ਅਰਸਪ੍ਰੀਤ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਨਾਰਲੀ ਪਾਸੋਂ 12 ਲੱਖ 50 ਹਜਾਰ ਰੁਪਏ, ਗੁਰਚੇਤ ਸਿੰਘ ਪੁੱਤਰ ਹੀਰਾ ਸਿੰਘ ਵਾਸੀ ਨਾਰਲੀ ਪਾਸੋਂ 13 ਲੱਖ ਰੁਪਏ, ਜਗਰੂਪ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਪਲੋਪੱਤੀ ਪਾਸੋਂ 14 ਲੱਖ ਰੁਪਏ ਨਗਦ ਲੈ ਕੇ ਅੰਮ੍ਰਿਤਸਰ ਏਅਰਪੋਰਟ ਤੋਂ ਵਾਇਆ ਦੁਬਈ, ਤੋਂ ਅਰਮੀਨੀਆ ਭੇਜ ਦਿੱਤਾ ਗਿਆ। ਜਿੱਥੇ 4 ਮਹੀਨੇ ਰਹਿਣ ਤੋਂ ਬਾਅਦ ਉਥੋਂ ਦੀ ਪੁਲਸ ਨੇ 23-8-2023 ਨੂੰ ਡੀਪੋਰਟ ਕਰ ਦਿੱਤਾ ।ਅਰਮੀਨੀਆ ਵਿਖੇ 4 ਮਹੀਨੇ ਦੌਰਾਨ 6 ਲੱਖ ਰੁਪਏ ਵੱਖਰੇ ਖਰਚ ਹੋਏ । ਜਦਕਿ ਡੀਪੋਰਟ ਹੋਣ ਤੋਂ ਬਾਅਦ ਰਾਜਾਸਾਂਸੀ ਏਅਰਪੋਰਟ ਪੁਲਸ ਨੇ ਦੋ ਵਿਅਕਤੀਆਂ 'ਤੇ ਧਾਰਾ 420 ਅਧੀਨ ਮਾਮਲਾ ਦਰਜ

ਕਰ ਦਿੱਤਾ । ਉਹਨਾਂ ਦੱਸਿਆ ਕਿ ਅੰਮ੍ਰਿਤਪਾਲ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਨਾਰਲੀ ਪਾਸੋਂ 9 ਲੱਖ 50 ਹਜਾਰ ਰੁਪਏ, ਦਿਲਪ੍ਰੀਤ ਸਿੰਘ ਪੁੱਤਰ ਸਰਵਨ ਸਿੰਘ ਵਾਸੀ ਨਾਰਲੀ ਪਾਸੋਂ 9 ਲੱਖ 50 ਹਜਾਰ ਰੁਪਏ, ਅੰਮ੍ਰਿਤਪਾਲ ਸਿੰਘ ਪੁੱਤਰ ਤਰਸੇਮ ਸਿੰਘ ਵਾਸੀ ਨਾਰਲੀ ਪਾਸੋ 9 ਲੱਖ 50 ਹਜਾਰ ਰੁਪਏ ਲੈ ਕੇ ਵਾਇਆ ਅੰਮ੍ਰਿਤਸਰ ਤੋਂ ਦੁਬਈ, ਅਰਮੀਨੀਆ ਤੋਂ ਕਜਿਕਸਥਾਨ ਤੋਂ ਹੁੰਦੇ ਹੋਏ ਰਸ਼ੀਆ ਦੇ ਬਾਰਡਰ 'ਤੇ ਭੇਜ ਦਿੱਤਾ । ਜਿਥੋ ਰਸ਼ੀਆ ਪੁਲਸ ਨੇ ਡੀਪੋਟ ਕਰ ਦਿੱਤਾ । ਇਸੇ ਤਰ੍ਹਾਂ ਹੀ ਲਵਪ੍ਰੀਤ ਸਿੰਘ ਪੁੱਤਰ ਅਰਸਾਲ ਸਿੰਘ ਵਾਸੀ ਅਮੀਸਾਹ ਨੇ ਆਪਣੀ 6 ਕਨਾਲਾ ਜਮੀਨ ਵੇਚ ਕੇ 14 ਲੱਖ ਰੁਪਏ 50 ਹਜਾਰ ਰੁਪਏ ਦਿੱਤੇ ਸਨ । ਜਿਸ ਨੂੰ ਅੰਮ੍ਰਿਤਸਰ ਦੇ ਏਅਰਪੋਰਟ ਤੋਂ ਅਲਮਾਟੀ ਦੇ ਰਸਤੇ ਪੋਲੈਂਡ ਤੋਂ ਲੁਥਵਾਨੀਆ ਭੇਜਿਆ ਗਿਆ । ਜਿਥੇ ਪੁਲਸ ਨੇ ਫੜਕੇ ਡੀਪੋਰਟ ਕਰ ਦਿੱਤਾ । ਇਹਨਾਂ ਸਾਰੇ ਪੀੜਤ ਨੌਜਵਾਨਾਂ ਨੇ ਆਪਣੇ ਨਾਲ ਹੋਈ ਠੱਗੀ ਸਬੰਧੀ ਥਾਣਾ ਖਾਲੜਾ ਵਿਖੇ 6 ਮਈ ਨੂੰ ਲਿਖਤ ਦਰਖਾਸਤ ਦਿੱਤੀ ਹੈ । ਜਿਸਦੇ ਅਧਾਰ 'ਤੇ ਖਾਲੜਾ ਪੁਲਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ । ਇਸ ਸਬੰਧੀ ਪੱਖ ਜਾਨਣ ਲਈ ਜਦੋਂ ਟਰੈਵਲ ਏਜੰਟ ਗੁਰਮੇਲ ਸਿੰਘ ਉਰਫ ਬਿੱਟੂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਤਾਂ ਪਤਾ ਲੱਗਾ ਕਿ ਉਹ ਪੁਲਸ ਦੀ ਜਾਂਚ ਤੋਂ ਬਚਣ ਲਈ ਉਹ ਘਰ ਛੱਡ ਕੇ ਰੂਪੋਸ ਹੋ ਗਿਆ ਹੈ। ਜਦਕਿ ਪੀੜਤ ਨੌਜਵਾਨਾਂ ਦਾ ਕਹਿਣਾ ਸੀ ਕਿ ਇਸ ਠੱਗੀ ਦਾ ਮੁੱਖ ਸੂਤਰਧਾਰ ਗੁਰਮੇਲ ਸਿੰਘ ਦਾ ਮੁੰਡਾ ਗੁਰਜੀਤ ਸਿੰਘ ਪੈਰਿਸ ਤੋਂ ਅਮਰੀਕਾ ਜਾ ਚੁੱਕਾ ਹੈ । ਪੀੜਤ ਨੌਜਵਾਨਾਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਡੀਜੀਪੀ ਪੰਜਾਬ ਤੋਂ ਮੰਗ ਕੀਤੀ ਹੈ ਕਿ ਸਾਡੇ ਨਾਲ ਠੱਗੀ ਮਾਰਨ ਵਾਲੇ ਟਰੈਵਲ ਏਜੰਟ ਗੁਰਮੇਲ ਸਿੰਘ ਬਿੱਟੂ ਅਤੇ ਉਸਦੇ ਲੜਕੇ ਗੁਰਜੀਤ ਸਿੰਘ ਦੇ ਖਿਲਾਫ ਪਰਚਾ ਦਰਜ ਕਰਕੇ ਸਾਨੂੰ ਇਨਸਾਫ ਦਿਵਾਇਆ ਜਾਵੇ । ਇਸ ਸਬੰਧੀ ਜਦੋਂ ਇੰਸਪੈਕਟਰ ਵਿਨੋਦ ਸਰਮਾ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਵਿਦੇਸ ਭੇਜਣ ਦੇ ਨਾਂ 'ਤੇ ਨੌਜਵਾਨਾਂ ਨਾਲ ਠੱਗੀ ਦਾ ਮਾਮਲਾ ਤੇ ਪੈਸਿਆਂ ਦੇ ਲੈਣ ਦੇਣ ਨਾਲ ਸਬੰਧਤ ਹੋਣ ਕਰਕੇ ਇਹ ਦਰਖਾਸਤ ਐੱਸ. ਐੱਸ. ਪੀ. ਤਰਨਤਾਰਨ ਨੂੰ ਭੇਜ ਦਿੱਤੀ ਗਈ ਹੈ। ਜਿੰਨਾ ਵੱਲੋਂ ਇਸ ਦੀ ਜਾਂਚ ਆਰਥਿਕ ਉਪਰਾਧ ਸਾਖਾ ਰਾਹੀਂ ਕਰਵਾਉਣ ਤੋਂ ਬਾਅਦ ਮਾਮਲਾ ਦਰਜ ਕੀਤਾ ਜਾਵੇਗਾ ।

ਮਾਮਲਾ ਦੋ ਧਿਰਾਂ 'ਚ ਹੋਈ ਲੜਾਈ ਦੌਰਾਨ ਔਰਤ ਦੇ ਕਤਲ ਦਾ: 3 ਮੁਲਜਮ ਕੀਤਾ ਗ੍ਰਿਫਤਾਰ

ਬਠਿੰਡਾ 31 ਅਗਸਤ। ਬੀਤੇ ਦਿਨੀ ਪਿੰਡ ਗਿੱਲਪੱਤੀ ਵਿਖੇ ਦੋ ਧਿਰਾਂ ਵਿਚ ਹੋਏ ਲੜਾਈ ਝਗੜੇ ਦੌਰਾਨ ਇਕ ਔਰਤ ਦਾ ਕਤਲ ਕਰਨ ਦੇ ਦੋਸ਼ਾਂ 'ਚ ਥਰਮਲ ਪੁਲਸ ਵਲੋਂ 3 ਮੁਲਜਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਮਾਮਲੇ ਦੀ ਜਾਣਕਾਰੀ ਦਿੰਦਿਆ ਐੱਸਪੀ ਦਵਿੰਦਰ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਗਿੱਲ ਪੱਤੀ ਵਾਸੀ ਅੰਗਰੇਜ ਸਿੰਘ ਅਤੇ ਖੁਸ਼ਦੀਪ ਸਿੰਘ, ਜੋ ਰੁਆਢੀ ਹਨ, ਦਾ ਆਪਸੀ ਝਗੜਾ ਹੋ ਗਿਆ ਸੀ। ਉਕਤ ਝਗੜੇ ਦੀ ਰੰਜਿਸ ਵਜੋਂ ਅੰਗਰੇਜ ਦੇ ਚਚੇਰੇ ਭਰਾ ਨਿਰਮਾਣ ਸਿੰਘ ਵਲੋਂ ਮੋਟਰਸਾਈਕਲ 'ਤੇ ਜਾ ਰਹੇ ਧੀਰਾ ਸਿੰਘ ਅਤੇ ਉਸਦੀ ਮਾਤਾ ਬਲਵੀਰ ਕੌਰ ਨੂੰ ਟੱਕਰ ਮਾਰ ਦਿੱਤੀ ਅਤੇ ਉਹ ਜ਼ਖਮੀ ਹੋ ਗਏ। ਦੱਸ ਦੇਈਏ ਕਿ ਜਦੋਂ ਔਰਤ ਸੜਕ 'ਤੇ ਡਿੱਗ ਗਈ ਤਾਂ ਮੁਲਜਮ ਵਲੋਂ ਗੱਡੀ ਨਾਲ ਬਲਵੀਰ ਕੌਰ ਨੂੰ ਦਰੜ ਦਿੱਤਾ ਗਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਇਸ ਤੋਂ ਬਾਅਦ ਮੁਲਜਮ ਮੌਕੇ ਤੋਂ ਫਰਾਰ ਹੋ ਗਿਆ। ਥਰਮਲ ਪੁਲਸ ਵਲੋਂ ਅੰਗਰੇਜ ਸਿੰਘ ਸਮੇਤ 7 ਖਿਲਾਫ਼ ਮਾਮਲਾ ਦਰਜ ਕਰ ਦਿੱਤਾ ਸੀ। ਪੁਲਸ ਦੀਆਂ ਟੀਮਾਂ ਨੇ ਮੁਲਜਮਾਂ ਦੀ ਭਾਲ ਦੌਰਾਨ ਨਿਰਮਾਣ ਸਿੰਘ, ਅੰਗਰੇਜ ਸਿੰਘ, ਰੇਸ਼ਮ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਅਤੇ ਬਾਕੀ ਮੁਲਜਮਾਂ ਦੀ ਭਾਲ ਕੀਤੀ ਜਾ ਰਹੀ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਜਲਦੀ ਹੀ ਦੂਸਰੇ ਮੁਲਜਮਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

50 ਗ੍ਰਾਮ ਹੈਰੋਇਨ ਸਮੇਤ ਨਸ਼ਾ ਤਸਕਰ ਕਾਬੂ

ਗੁਰੂਹਰਸਹਾਏ 31 ਅਗਸਤ। ਥਾਣਾ ਲੱਖੋ ਕੇ ਬਹਿਰਾਮ ਦੀ ਪੁਲਸ ਨੇ ਮੋਟਰਸਾਈਕਲ 'ਤੇ ਹੈਰੋਇਨ ਲੈ ਕੇ ਆਉਂਦੇ ਇੱਕ ਨਸ਼ਾ ਤਸਕਰ ਨੂੰ 50 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਹੈ। ਇਸ ਦੀ ਜਾਣਕਾਰੀ ਦਿੰਦੇ ਸਬ ਇੰਸਪੈਕਟਰ ਕੁਲਵੰਤ ਸਿੰਘ ਨੇ ਦੱਸਿਆ ਕਿ ਜਦ ਉਹ ਪੁਲਸ ਪਾਰਟੀ ਨਾਲ ਗਸ਼ਤ ਅਤੇ ਸ਼ੱਕੀ ਲੋਕਾਂ ਦੀ ਚੈਕਿੰਗ ਕਰ ਰਹੇ ਸੀ। ਉਨ੍ਹਾ ਨੂੰ ਗੁਪਤ ਸੂਚਨਾ ਕਿਲੀ ਕਿ ਜਸਪਾਲ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਨੇੜੇ ਆਰਮੀ ਕਿਲਾ ਮਮਦੋਟ ਹੈਰੋਇਨ ਵੇਚਣ ਦਾ ਆਦੀ ਹੈ, ਜੋ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਗੁਰੂਹਰਸਹਾਏ ਨੂੰ ਜਾ ਰਿਹਾ ਹੈ। ਉਨ੍ਹਾ ਦੱਸਿਆ ਕਿ ਪੁਲਸ ਪਾਰਟੀ ਵੱਲੋਂ ਪਿੰਡ ਨਵਾਂ ਕਿਲਾ ਦੇ ਬੱਸ ਸਟੈਂਡ ਨੇੜੇ ਨਾਕਾਬੰਦੀ ਕਰਦੇ ਮੋਟਰਸਾਈਕਲ 'ਤੇ ਆਉਂਦੇ ਦੋਸ਼ੀ ਨੂੰ ਕਾਬੂ ਕਰ ਲਿਆ, ਜਿਸਦੇ ਕੋਲੋਂ ਤਲਾਸ਼ੀ ਦੌਰਾਨ 50 ਗ੍ਰਾਮ ਹੈਰੋਇਨ ਬਰਾਮਦ ਹੋਈ। ਉਨ੍ਹਾ ਦੱਸਿਆ ਕਿ ਫੜੇ ਗਏ ਵਿਅਕਤੀ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਅਤੇ ਪੁੱਛਗਿੱਛ ਕੀਤੀ ਜਾ ਰਹੀ ਹੈ।

ਤਿਉਹਾਰੀ ਸੀਜਨ ਦੌਰਾਨ ਰੇਲਵੇ ਵਿਭਾਗ ਚਲਾਏਗਾ ਸਪੈਸ਼ਲ ਟਰੇਨਾਂ, ਜਾਣੋ ਕੀ ਰਹੇਗੀ ਟਾਈਮਿੰਗ

ਫਿਰੋਜ਼ਪੁਰ/ਜੀਰਾ 31 ਅਗਸਤ। ਆਗਾਮੀ ਤਿਉਹਾਰੀ ਸੀਜ਼ਨ ਨੂੰ ਧਿਆਨ ਵਿਚ ਰੱਖਦੇ ਹੋਏ ਰੇਲ ਵਿਭਾਗ ਅੰਮ੍ਰਿਤਸਰ ਤੋਂ ਛੱਪਰਾ ਅਤੇ ਗੋਰਖਪੁਰ ਲਈ ਸਪੈਸ਼ਲ ਰੇਲਗੱਡੀਆਂ ਚਲਾਉਣ ਜਾ ਰਿਹਾ ਹੈ। ਵਿਭਾਗ ਅਨੁਸਾਰ ਗੱਡੀ ਨੰਬਰ 05005 ਗੋਰਖਪੁਰ ਸਟੇਸ਼ਨ ਤੋਂ 18 ਸਤੰਬਰ ਤੋਂ 27 ਨਵੰਬਰ ਤੱਕ ਹਰ ਬੁੱਧਵਾਰ ਦੁਪਹਿਰ 2:40 ਵਜੇ ਰਵਾਨਾ ਹੋ ਕੇ ਅਗਲੇ ਦਿਨ ਸਵੇਰੇ 9:30 ਵਜੇ ਅੰਮ੍ਰਿਤਸਰ ਪਹੁੰਚਿਆ ਕਰੇਗੀ। ਵਾਪਸੀ ਲਈ ਗੱਡੀ ਨੰਬਰ 05006 ਅੰਮ੍ਰਿਤਸਰ ਤੋਂ 19 ਸਤੰਬਰ ਤੋਂ 28 ਨਵੰਬਰ ਤੱਕ ਹਰ ਵੀਰਵਾਰ ਦੁਪਹਿਰ 12:45 ਵਜੇ ਚੱਲਦੇ ਹੋਏ ਅਗਲੇ ਦਿਨ 8:50 ਵਜੇ ਗੋਰਖਪੁਰ ਪਹੁੰਚਿਆ ਕਰੇਗੀ। ਇਸੇ ਤਰ੍ਹਾਂ ਗੱਡੀ ਨੰਬਰ 05049 ਛੱਪਰਾ ਸਟੇਸ਼ਨ ਤੋਂ 20 ਸਤੰਬਰ ਤੋਂ 29 ਨਵੰਬਰ ਤੱਕ ਹਰ ਸ਼ੁੱਕਰਵਾਰ ਸਵੇਰੇ 9:55 ਵਜੇ ਚੱਲਦੇ ਹੋਏ ਅਗਲੇ ਦਿਨ ਸਵੇਰੇ 9:30 ਵਜੇ ਅੰਮ੍ਰਿਤਸਰ ਪਹੁੰਚਿਆ ਕਰੇਗੀ। ਵਾਪਸੀ ਦੇ ਲਈ ਗੱਡੀ ਨੰਬਰ 05050 ਅੰਮ੍ਰਿਤਸਰ ਸਟੇਸ਼ਨ ਤੋਂ 21 ਸਤੰਬਰ ਤੋਂ 30 ਨਵੰਬਰ ਤੱਕ ਹਰ ਸ਼ਨੀਵਾਰ ਦੁਪਹਿਰ 12:45 ਵਜੇ ਚੱਲਦੇ ਹੋਏ ਅਗਲੇ ਦਿਨ ਦੁਪਹਿਰ 2 ਵਜੇ ਛੱਪਰਾ ਪਹੁੰਚਿਆ ਕਰੇਗੀ।

ਸ਼ਰਮਨਾਕ ! ਮਜਦੂਰ ਨੇ ਸਾਢੇ 4 ਸਾਲਾ ਮਾਸੂਮ ਨਾਲ ਕੀਤਾ ਜਬਰ ਜਿਨਾਹ

ਪਾਲਘਰ 31 ਅਗਸਤ। ਮਹਾਰਾਸ਼ਟਰ ਦੇ ਪਾਲਘਰ ਜਿ?ਲ੍ਹੇ 'ਚ ਸਾਢੇ ਚਾਰ ਸਾਲਾ ਬੱਚੀ ਨਾਲ ਜਬਰ ਜਿ?ਨਾਹ ਕਰਨ ਦੇ ਦੋਸ਼ 'ਚ ਇਕ ਮਜਦੂਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਬੁੱਧਵਾਰ ਨੂੰ ਜਵਹਾਰ ਤਾਲੁਕਾ 'ਚ ਹੋਈ ਘਟਨਾ ਦੇ ਸਿਲਸਿਲੇ 'ਚ ਵੀਰਵਾਰ ਨੂੰ 19 ਸਾਲਾ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ। ਇਕ ਅਧਿਕਾਰੀ ਨੇ ਦੱਸਿਆ ਕਿ ਬੱਚੀ ਦੇ ਮਾਤਾ-ਪਿਤਾ ਕੰਮ 'ਤੇ ਗਏ ਹੋਏ ਸਨ ਅਤੇ ਉਹ ਆਪਣੇ ਦਾਦਾ-ਦਾਦੀ ਨਾਲ ਘਰ ਸੀ। ਇਸ ਦੌਰਾਨ ਦੋਸ਼ੀ ਨੇ ਘਰ 'ਚ ਦਾਖਲ ਹੋ ਕੇ ਉਸ ਦਾ ਜਿਨਸੀ ਸ਼ੋਸ਼ਣ ਕੀਤਾ। ਅਧਿਕਾਰੀ ਨੇ ਦੱਸਿਆ ਕਿ ਦੋਸ਼ੀ ਮਜਦੂਰ ਪੀੜਤ ਬੱਚੀ ਦੇ ਇਲਾਕੇ 'ਚ 'ਕੇਬਲ' ਵਿਛਾਉਣ ਦਾ ਕੰਮ ਕਰ ਰਿਹਾ ਸੀ। ਉਨ੍ਹਾਂ ਦੱਸਿਆ ਕਿ ਬੱਚੀ ਨੇ ਅਗਲੇ ਦਿਨ ਆਪਣੀ ਮਾਂ ਨੂੰ ਇਸ ਘਟਨਾ ਦੀ ਜਾਣਕਾਰੀ ਦਿੱਤੀ, ਜਿਸ ਤੋਂ ਬਾਅਦ ਪੁਲਸ 'ਚ ਸ਼ਿਕਾਇਤ ਦਰਜ ਕਰਵਾਈ। ਅਧਿਕਾਰੀ ਨੇ ਦੱਸਿਆ ਕਿ ਦੋਸ਼ੀ ਨੂੰ ਭਾਰਤੀ ਨਿਆਂ ਸੰਹਿਤਾ ਦੀ ਧਾਰਾ 64 (ਜਬਰ ਜਿ?ਨਾਹ) ਅਤੇ ਹੋਰ ਪ੍ਰਬੰਧਾਂ ਅਤੇ ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ (ਪੋਕਸੋ) ਐਕਟ ਦੇ ਅਧੀਨ ਗ੍ਰਿਫਤਾਰ ਕੀਤਾ ਗਿਆ ਹੈ। ਘਟਨਾ ਤੋਂ ਬਾਅਦ ਜਵਹਾਰ ਅਤੇ ਮੋਖਾਡਾ ਦੇ ਵੱਖ-ਵੱਖ ਰਾਜਨੀਤਕ ਦਲਾਂ ਅਤੇ ਸਮਾਜਿਕ ਸੰਗਠਨਾਂ ਦੇ ਸਥਾਨਕ ਵਰਕਰਾਂ ਨੇ ਦੋਸ਼ੀ ਲਈ ਮੌਤ ਦੀ ਸਜਾ ਦੀ ਮੰਗ ਕਰਦੇ ਹੋਏ ਵਿਰੋਧ ਪ੍ਰਦਰਸ਼ਨ ਕੀਤਾ।

ਵਿਗਿਆਨੀਆਂ ਦਾ ਵੱਡਾ ਖੁਲਾਸਾ ਲੋਕਾਂ ਦੇ ਦਿਮਾਗ 'ਚ ਪਹੁੰਚ ਰਹੇ ਪਲਾਸਟਿਕ ਦੇ ਕਣ

ਜਲੰਧਰ/ਨਵੀਂ ਦਿੱਲੀ 31 ਅਗਸਤ। ਇਕ ਨਵੇਂ ਅਧਿਐਨ 'ਚ ਸਾਹਮਣੇ ਆਇਆ ਹੈ ਕਿ ਪਿਛਲੇ 8 ਸਾਲਾਂ 'ਚ ਪਲਾਸਟਿਕ ਦੇ ਬਹੁਤ ਸਾਰੇ ਟੁਕੜੇ ਲੋਕਾਂ ਦੇ ਦਿਮਾਗ ਵਿਚ ਪਹੁੰਚ ਚੁੱਕੇ ਹਨ। ਵਿਗਿਆਨੀਆਂ ਮੁਤਾਬਕ ਲੋਕਾਂ ਦੇ ਦਿਮਾਗ 'ਚ ਕਰੀਬ 0.5 ਫੀਸਦੀ ਮਾਈਕ੍ਰੋਪਲਾਸਟਿਕ ਜਮ੍ਹਾ ਹੋ ਗਿਆ ਹੈ, ਜੋ ਬਹੁਤ ਖਤਰਨਾਕ ਹੋ ਸਕਦਾ ਹੈ। ਇਕ ਮੀਡੀਆ ਰਿਪੋਰਟ ਮੁਤਾਬਕ ਸਾਲ 2024 ਵਿਚ ਖੋਜਕਰਤਾਵਾਂ ਨੇ ਡੈੱਡਬਾਡੀ ਟੈਸਟ ਵਿਚ ਮਨੁੱਖੀ ਦਿਮਾਗ ਦੇ ਕਈ ਨਮੂਨੇ ਲਏ ਸਨ ਅਤੇ ਫਿਰ ਇਸ ਵਿਚ ਮਾਈਕ੍ਰੋਪਲਾਸਟਿਕਸ 'ਤੇ ਖੋਜ ਕੀਤੀ ਸੀ। ਇਹ ਪਾਇਆ ਗਿਆ ਕਿ 8 ਸਾਲ ਪਹਿਲਾਂ ਲਏ ਗਏ ਨਮੂਨੇ ਦੇ ਮੁਕਾਬਲੇ ਮਨੁੱਖੀ ਦਿਮਾਗ ਵਿੱਚ ਪਲਾਸਟਿਕ ਦੇ 50% ਜਿ?ਆਦਾ ਟੁਕੜੇ ਪਾਏ ਗਏ ਸਨ। ਵਿਗਿਆਨੀਆਂ ਦਾ ਕਹਿਣਾ ਹੈ ਕਿ ਜਿਨ੍ਹਾਂ ਲੋਕਾਂ ਦੀ ਔਸਤ ਉਮਰ ਲਗਭਗ 45 ਜਾਂ 50 ਸਾਲ ਸੀ, ਉਨ੍ਹਾਂ ਦੇ ਦਿਮਾਗ ਦੇ ਟਿਸ਼ੂਆਂ 'ਚ ਪਲਾਸਟਿਕ ਕੰਸਟ੍ਰੇਸ਼ਨ ਪ੍ਰਤੀ ਗ੍ਰਾਮ 4800 ਮਾਈਕ੍ਰੋ ਗ੍ਰਾਮ ਸੀ, ਯਾਨੀ ਭਾਰ ਦੇ ਹਿਸਾਬ ਨਾਲ 0.5 ਫੀਸਦੀ। ਅਮਰੀਕਾ ਦੀ



ਨਿਊ ਮੈਕਸੀਕੋ ਯੂਨੀਵਰਸਿਟੀ ਦੇ ਫਾਰਮਾਸਿਊਟੀਕਲ ਸਾਇੰਸੇਜ ਦੇ ਰੀਜੈਂਟ ਪ੍ਰੋਫੈਸਰ ਅਤੇ ਅਧਿਐਨ ਦੇ ਮੁੱਖ ਲੇਖਕ ਮੈਥਿਊ ਕੈਂਪੇਨ ਨੇ ਕਿਹਾ ਕਿ 2016 ਦੇ ਮੁਕਾਬਲੇ ਦਿਮਾਗ 'ਚ ਪਲਾਸਟਿਕ ਦੀ ਮਾਤਰਾ ਕਾਫੀ ਵਧ ਗਈ ਹੈ ਅਤੇ ਇਸ ਨਾਲ ਦਿਮਾਗੀ ਸਮੱਸਿਆਵਾਂ ਦਾ ਖਤਰਾ ਵੀ ਵੱਧ ਗਿਆ ਹੈ। ਹਾਲਾਂਕਿ ਪਲਾਸਟਿਕ ਨਾਲ ਕਿਸੇ ਤਰ੍ਹਾਂ ਦੇ ਨੁਕਸਾਨ ਦੀ ਅਜੇ ਤੱਕ ਕੋਈ ਜਾਣਕਾਰੀ ਨਹੀਂ ਮਿਲੀ ਹੈ। ਇਹ ਸਮਝਣ ਲਈ ਹੋਰ ਖੋਜ ਦੀ ਲੋੜ ਹੈ ਕਿ ਇਨ੍ਹਾਂ ਪਲਾਸਟਿਕ ਦੇ ਕਣਾਂ ਦਾ ਦਿਮਾਗ ਦੇ ਸੈੱਲਾਂ 'ਤੇ ਕੀ ਪ੍ਰਭਾਵ ਪੈਂਦਾ ਹੈ? ਅਧਿਐਨ ਮੁਤਾਬਕ ਡੈੱਡਬਾਡੀ ਤੋਂ ਲਏ ਗਏ ਸੈਂਪਲਾਂ ਤੋਂ ਪਤਾ ਲੱਗਿਆ ਹੈ ਕਿ ਗੁਰਦਿਆਂ ਅਤੇ ਜਿਗਰ ਦੇ ਮੁਕਾਬਲੇ ਦਿਮਾਗ 'ਚ 7 ਤੋਂ 30 ਫੀਸਦੀ ਜਿ?ਆਦਾ ਪਲਾਸਟਿਕ ਦੇ ਟੁਕੜੇ ਸਨ। ਕਈ ਹੋਰ ਅਧਿਐਨਾਂ ਤੋਂ ਪਤਾ ਲੱਗਾ ਹੈ ਕਿ ਇਹ ਪਲਾਸਟਿਕ ਦੇ ਟੁਕੜੇ ਦਿਲ, ਖੂਨ ਦੀ ਧਾਰਾ, ਫੇਫੜਿਆਂ, ਜਿਗਰ, ਗੁਪਤ ਅੰਗਾਂ ਅਤੇ ਪਲੇਸੈਂਟਾ 'ਚ ਵੀ ਪਾਏ ਗਏ ਹਨ। ਕੁਝ ਪਲਾਸਟਿਕ ਅਜਿਹੇ ਹੁੰਦੇ ਹਨ, ਜਿਨ੍ਹਾਂ ਤੋਂ ਤੁਸੀਂ ਬਚ ਨਹੀਂ ਸਕਦੇ। ਤੁਹਾਨੂੰ ਕੋਈ ਵੀ ਅਜਿਹਾ ਸਮਾਰਟਫੋਨ ਜਾਂ ਕੰਪਿਊਟਰ ਨਹੀਂ ਮਿਲੇਗਾ, ਜਿਸ 'ਚ ਪਲਾਸਟਿਕ ਨਾ ਹੋਵੇ। ਹਾਲਾਂਕਿ ਪਲਾਸਟਿਕ ਦੇ ਬੈਗ ਅਤੇ ਬੋਤਲਾਂ ਦੇ ਸੰਪਰਕ 'ਚ ਆਉਣ ਤੋਂ ਬਚੋ। ਦਿਮਾਗ ਦੇ ਟਿਸ਼ੂ ਦੇ ਸੈਂਪਲ ਫਰੰਟਲ ਕਾਰਟੈਕਸ ਤੋਂ ਲਏ ਗਏ ਸਨ, ਜੋ ਦਿਮਾਗ

ਕੁਝ ਕਹਿੰਦੀ ਐ ਤਸਵੀਰ...

• ਯਸ਼ਵੀਰ ਗੋਇਲ, ਬਠਿੰਡਾ

ਤੁਹਾਡੇ ਆਲੇ-ਦੁਆਲੇ ਬਹੁਤ ਕੁਝ ਅਜਿਹਾ ਹੈ, ਜਿਹੜਾ ਤੁਹਾਡੇ ਅੰਦਰ ਦੇ ਕਲਾਕਾਰ ਨੂੰ ਹਲੂਣਾ ਦਿੰਦਾ ਹੈ। ਉਸ ਨੂੰ ਕਲਾਤਮਕ ਨਜ਼ਰੀਏ ਤੋਂ ਦੇਖਣ ਅਤੇ ਉਸਨੂੰ ਕੈਮਰੇ ਦੀ ਅੱਖ 'ਚੋਂ ਲੰਘਾਉਣ ਦੀ ਕਲਾ ਦਾ ਨਾਂ ਹੀ ਹੈ ਫੋਟੋਗ੍ਰਾਫੀ। ਤੁਸੀਂ ਵੀ ਆਪਣੇ ਸੁਹਜ-ਸਵਾਦ ਦਾ ਨਮੂਨਾ **ਕੌਮੀ ਪੱਤ੍ਰਿਕਾ** *ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਆਪਣੀ ਖਿੱਚੀ ਬਿਹਤਰੀਨ ਤਸਵੀਰ ਸਾਨੂੰ ਜਲਦੀ ਆਪਣੇ ਪੂਰੇ ਸਿਰਨਾਵੇਂ ਸਮੇਤ ਭੇਜੋ।*

ਲੀਡਰ ਜ਼ਿੰਦਾਬਾਦ!

ਵਿਅੰਗ

ਤੁਸੀਂ ਭਾਵੇਂ ਸਾਨੂੰ ਕੁੱਟੋ ਭਾਵੇਂ ਮਾਰੋ ਸਾਡੀ ਵਫ਼ਾਦਾਰੀ 'ਚ ਕਦੇ ਕੋਈ ਕਮੀ ਨਹੀਂ ਆਉਣੀ। ਅਸੀਂ ਸਦਾ ਤੁਹਾਡੇ ਨਾਲ ਹਾਂ। ਅਸੀਂ ਤਾਂ ਧੜੇਬੰਦੀਆਂ ਵਿਚ ਵੰਡੇ ਹੋਏ ਤੁਹਾਡੇ ਗ਼ੁਲਾਮ ਹਾਂ। ਗ਼ੁਲਾਮ ਕਦੇ ਹੱਕ ਨਹੀਂ ਮੰਗਦੇ ਹੁੰਦੇ। ਤੁਹਾਡੀ ਲੀਡਰੀ ਤੁਹਾਨੂੰ ਮੁਬਾਰਕ! ਸਾਡੀ ਗ਼ੁਲਾਮੀ ਸਾਨੂੰ ਮੁਬਾਰਕ ਹੋਵੇ...

• ਜਸਵਿੰਦਰ ਸਿੰਘ ਢਿੱਲੋਂ
82849-16049

ਆਹ ਰਵਾਇਤੀ ਲੀਡਰ ਤਾਂ ਸਾਡੀ ਜ਼ਿੰਦਜਾਨ ਨੇ। ਅਸੀਂ ਪੰਜਾਬ ਦੇ ਮਹਾਨ ਲੋਕ ਆਪਣੇ ਪਰਿਵਾਰਾਂ ਦੀ ਓਨੀ ਫ਼ਿਕਰ ਨਹੀਂ ਕਰਦੇ ਜਿੰਨੀ ਅਸੀਂ ਪਰਿਵਾਰਵਾਦੀ, ਰਾਜਾਸ਼ਾਹੀ ਅਤੇ ਰਜਵਾੜਾਸ਼ਾਹੀ ਲੀਡਰਾਂ ਦੀ ਕਰਦੇ ਹਾਂ..? ਲੀਡਰੋ ਤੁਸੀਂ ਬੇਫ਼ਿਕਰ ਹੋ ਕੇ ਆਪਣੇ ਢਿੱਡ ਭਰੋ ਸਾਨੂੰ ਕੋਈ ਗ਼ੁੱਸਾ-ਗਿਲਾ ਨਹੀਂ। ਸਾਡੇ ਆਹ ਧਰਨਿਆਂ-ਧੁਰਨਿਆਂ ਦਾ ਅਤੇ ਹੜਤਾਲਾਂ-ਹੁੜਤਾਲਾਂ ਦਾ ਬਹੁਤਾ ਫ਼ਿਕਰ ਨਾ ਕਰਿਆ ਕਰੋ। ਇਹ ਤਾਂ ਅਸੀਂ ਵੈਸੇ ਹੀ ਸ਼ੁਗਲ-ਮੇਲਾ ਜਿਹਾ ਕਰ ਲੈਂਦੇ ਹਾਂ ਨਾਲੇ ਸਾਡੇ ਕਿਸਾਨਾਂ ਦੇ ਆਪੇ ਬਣੇ ਲੀਡਰਾਂ ਨੇ ਵੀ ਆਪਣੀ ਬੇਤੁਕੀ ਲੀਡਰੀ ਜਿਹੀ ਚਮਕਉਣੀ ਹੁੰਦੀ ਹੈ ਤਾਂ ਕਿ ਵੋਟਾਂ ਵੇਲੇ ਤੁਸੀਂ ਉਨ੍ਹਾਂ ਦਾ ਮਾੜਾ ਮੋਟਾ ਜਿਹਾ ਮੁੱਲ ਪਾ ਦਿਉਂ।

ਸਾਡੇ ਕੰਨਿਓਂ ਬੇਫ਼ਿਕਰ ਰਿਹਾ ਕਰੋ। ਜੇ ਅਸੀਂ ਫ਼ਸਲਾਂ ਦੇ ਭਾਅ ਲੈਣੇ ਹੋਣ, ਨਕਲੀ ਰੇਹਾਂ-ਸਪਰੇਹਾਂ ਤੋਂ ਬੱਚਣਾ ਹੋਵੇ, ਸਾਨੂੰ ਸੋਧੇ ਹੋਏ ਚੰਗੇ ਬੀ ਮਿਲਣ, ਜੇ ਅਸੀਂ ਝੋਨੇ ਵਰਗੀ ਮਾਰੂ ਫ਼ਸਲ ਤੋਂ ਖਹਿੜਾ ਛੁਡਾਉਣਾ ਹੋਵੇ, ਜੇ ਸਾਨੂੰ ਚੰਗੀਆਂ ਸਿਹਤ ਸਹੂਲਤਾਂ ਦੀ ਲੋੜ ਹੋਵੇ, ਜੇ ਅਸੀਂ ਆਪਣੇ ਬੱਚਿਆਂ ਲਈ ਮਿਆਰੀ ਸਿੱਖਿਆ ਚਾਹੁੰਦੇ ਹੋਈਏ... ਜੇ ਅਸੀਂ ਤਹਿਸੀਲਾਂ, ਥਾਣਿਆਂ ਤੇ ਕਚਹਿਰੀਆਂ ਵਿਚ ਬਿਨਾਂ ਰਿਸ਼ਵਤ ਤੋਂ ਕੰਮ ਕਰਾਉਣਾ ਹੋਵੇ ਜਾਂ ਜੇ ਅਸੀਂ ਆਪਣੇ ਧੀਆਂ-ਪੁੱਤਾਂ ਨੂੰ ਨੌਕਰੀ 'ਤੇ ਲਵਾਉਣਾ ਹੋਵੇ.. ਮੁੱਕਦੀ ਗੱਲ ਬਈ ਜੇ ਅਸੀਂ ਆਵਦਾ ਭਲਾ ਚਾਹੁੰਦੇ ਹੋਈਏ ਤੇ ਫੇਰ ਅਸੀਂ ਵੋਟਾਂ ਵੇਲੇ ਥੋੜੀ ਗਿੱਚੀ ਨਾ ਫੜ੍ਹੀਏ...? ਜੇ ਅਸੀਂ ਚੰਗਾ ਚਾਹੁੰਦੇ ਹੋਈਏ ਫੇਰ ਅਸੀਂ ਇਮਾਨਦਾਰ ਆਵਦੇ ਲੀਡਰ ਨਾ ਚੁਣ ਲਈਏ?

ਤੁਹਾਨੂੰ ਫ਼ਿਕਰਮੰਦ ਹੋਣ ਦੀ ਕੋਈ ਲੋੜ ਨਹੀਂ। ਤੁਹਾਡਾ ਅਤੇ ਤੁਹਾਡੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਹੈ। ਸਾਡੀ ਵਫ਼ਾਦਾਰੀ ਦਾ ਤਾਂ ਤੁਹਾਨੂੰ ਵੀ ਅੰਦਾਜ਼ਾ ਹੋਣਾ। ਤੁਸੀਂ ਜਦੋਂ ਵੀ ਸਾਡੇ ਪਿੰਡ ਆਉਂਦੇ ਹੋ ਅਸੀਂ ਕਦੇ ਵਿਰੋਧ ਨਹੀਂ ਕੀਤਾ। ਅਸੀਂ ਤੁਹਾਡੇ ਸਵਾਗਤ ਲਈ ਕਈ-ਕਈ ਘੰਟੇ ਹੱਥਾਂ 'ਚ ਹਾਰ ਲੈ ਕੇ ਖੜ੍ਹੇ ਰਹਿੰਦੇ ਹਾਂ। ਕਦੇ ਤੁਹਾਨੂੰ ਕੋਈ ਸਵਾਲ ਕੀਤਾ ਹੈ? ਸਗੋਂ ਅਸੀਂ ਤਾਂ ਕਰਜ਼ਾ ਲੈ ਕੇ ਪੱਲਿਓਂ ਪੈਸੇ ਖ਼ਰਚ ਕਰ ਕੇ ਤੁਹਾਡੀਆਂ ਰੈਲੀਆਂ ਵਿਚ ਹਾਜ਼ਰੀ ਭਰਦੇ ਹਾਂ। ਜੇ ਕੀਤੇ ਤੁਸੀਂ ਸਾਡੇ ਘਰੇ ਆਉਣਾ ਹੋਵੇ.. ਫ਼ੇਰ ਤਾਂ ਸਾਡੇ ਸਾਰੇ ਟੱਬਰ ਦਾ ਚਾਅ ਨਹੀਂ ਚੁੱਕਿਆ ਜਾਂਦਾ। ਅਸੀਂ ਆਵਦੇ ਜਵਾਕ ਨੂੰ ਭਾਵੇਂ ਪੰਜ ਰੁਪਇਆ ਦਾ ਬਿਸਕੁਟਾਂ ਦਾ ਪੈਕੇਟ ਨਾ ਦਵਾਇਆ ਹੋਵੇ.. ਪਰ ਥੋੜੇ ਮੂਹਰੇ ਅਸੀਂ ਵਿਆਜ 'ਤੇ ਪੈਸੇ ਲੈ ਕੇ ਪੰਜ-ਪੰਜ ਹਜ਼ਾਰ ਦੇ ਕਾਜੂ-ਬਦਾਮਾਂ ਦੇ ਢੋਰ ਲਾ ਦਿੰਦੇ ਹਾਂ। ਤੁਸੀਂ ਭਾਵੇਂ ਸਾਨੂੰ ਗਿਆਂ ਨੂੰ ਆਪਣੇ ਦਫ਼ਤਰ ਵਿਚ ਵੜਨ ਨਾ ਦਿਉਂ ਪਰ ਅਸੀਂ ਤਾਂ ਪੂਰੇ ਹੁੱਬਕੇ ਆਪਣਿਆਂ ਕਮਰਿਆਂ ਵਿਚ ਬਿਠਾ ਕੇ ਤੁਹਾਡੀ ਸੇਵਾ ਕਰਦੇ ਹਾਂ।

ਲੀਡਰੋ ਤੁਸੀਂ ਸਾਡਾ ਬਾਹਲਾ ਫ਼ਿਕਰ ਨਾ ਕਰਿਆ ਕਰੋ। ਜਦੋਂ ਸਾਨੂੰ ਖ਼ੁਦ ਨੂੰ ਆਪਣਾ ਕੋਈ ਫ਼ਿਕਰ ਨਹੀਂ ਅਤੇ ਨਾ ਸਾਨੂੰ ਆਪਣੇ ਜੁਆਕਾਂ ਦਾ ਕੋਈ ਫ਼ਿਕਰ ਹੈ ਫੇਰ ਤੁਹਾਨੂੰ ਕਾਹਦਾ ਫ਼ਿਕਰ? ਸਾਨੂੰ ਤਾਂ ਤੁਹਾਡਾ ਅਤੇ ਤੁਹਾਡੇ ਜੁਆਕਾਂ ਦਾ ਹੀ ਫ਼ਿਕਰ ਦਿਨ ਰਾਤ ਵੱਢ-ਵੱਢ ਖਾਈ ਜਾਂਦਾ ਹੈ। ਤੁਸੀਂ ਦੇਖਿਆ ਨਹੀਂ ਵੋਟਾਂ ਵੇਲੇ ਕਿਵੇਂ ਸਾਡਾ ਜ਼ੋਰ ਲੱਗਿਆ ਹੁੰਦਾ ਹੈ। ਬਈ ਫਲਾਣਾ ਲੀਡਰ ਨਾ ਹਰਜੇ.. ਫਲਾਨੇ ਲੀਡਰ ਦਾ ਮੁੰਡਾ ਜਾਂ ਕੁੜੀ ਨਾ ਹਾਰਜੇ। ਸਾਨੂੰ ਤਾਂ ਤੁਹਾਡੇ ਭਤੀਜੇ-ਭਤੀਜੀਆਂ, ਜਵਾਈਆਂ-ਸਾਲਿਆਂ, ਭੈਣਾਂ ਅਤੇ ਭਾਣਜੇ-ਭਾਣਜੀਆਂ ਦਾ ਹੀ ਫ਼ਿਕਰ ਨਹੀਂ ਮੁੱਕਦਾ.. ਅਸੀਂ ਆਪਣਾ ਜਾਂ ਆਪਣੇ ਜੁਆਕਾਂ ਦਾ ਸੁਆਹ ਫ਼ਿਕਰ ਕਰਨਾ ਹੈ..?.. ਆਹ ਅਸੀਂ ਪੰਜ ਸਾਲ ਤੁਹਾਡੀ ਰੱਜਕੇ ਸੇਵਾ ਕਰਦੇ ਹਾਂ, ਵੋਟਾਂ ਵੇਲੇ ਜਿਹੜੀ ਤੁਸੀਂ ਚਾਰ-ਪੰਜ ਦਿਨ ਗੋਲੀਆਂ ਆਲੀ ਦੋ ਨੰਬਰ ਦੀ ਸ਼ਰਾਬ ਜੀ ਪਿਆਕੇ ਤੁਸੀਂ ਸਾਡੀ ਸੇਵਾ ਕਰਦੇ ਓ... ਉਹਦੇ ਨਾਲ ਸਾਡਾ ਸਿਰ ਮਾਣ ਨਾਲ ਉੱਚਾ ਹੋ ਜਾਂਦਾ ਹੈ.. ਬਈ ਚਲੋ ਸਾਡਾ ਲੀਡਰ ਸਾਡੀ ਵੀ ਸੇਵਾ ਕਰਦਾ ਹੈ। ਉ੍ਹ ਜੇ ਤੁਸੀਂ ਉਹ ਵੀ ਨਾ ਕਰੋ ਤਾਂ ਕੋਈ ਗੱਲ ਨਹੀਂ ਵੋਟਾਂ ਤਾਂ ਫੇਰ ਵੀ ਅਸੀਂ ਤੁਹਾਨੂੰ ਹੀ ਪਾਉਣੀਆਂ ਹਨ।

ਸਾਨੂੰ ਜਦੋਂ ਕੋਈ ਆ ਕੇ ਦੱਸਦਾ ਹੈ ਬਈ ਫਲਾਣੇ ਲੀਡਰ ਦੀਆਂ ਪੰਜ ਤੋਂ ਪੰਜ ਸੌ ਬੱਸਾਂ ਹੋ ਗਈਆਂ ਧਰਮ ਨਾਲ ਸਾਡਾ ਸੀਨਾ ਮਾਣ ਨਾਲ ਗੱਜ ਚੌੜਾ ਹੋ ਜਾਂਦਾ ਹੈ। ਸਾਡੀ ਆਵਦੀ ਭਾਵੇਂ ਪੰਜ ਕਿੱਲਿਆਂ ਤੋਂ ਪੰਜ ਕਨਾਲਾਂ ਰਹਿਜੇ.. ਕੋਈ ਫ਼ਿਕਰ ਨਹੀਂ। ਪਿਛਲੇ ਸੱਤਰ ਸਾਲਾਂ ਤੋਂ ਸਾਡੀਆਂ ਸੱਤ ਪੀੜ੍ਹੀਆਂ ਅੱਖਾਂ ਬੰਦ ਕਰ ਕੇ ਤੁਹਾਨੂੰ ਵੋਟਾਂ ਪਾਈ ਜਾਂਦੀਆਂ ਨੇ। ਤੁਸੀਂ ਭਾਵੇਂ ਸਾਨੂੰ ਖ਼ੁਦਕੁਸ਼ੀਆਂ ਦੇ ਰਾਹ ਪਾ ਦਿੱਤਾ ਪਰ ਅਸੀਂ ਕਦੇ ਥੋਨੂੰ ਸਵਾਲ ਕੀਤਾ ਹੈ। ਸਾਡੇ ਮੂੰਹੋਂ ਕਦੇ ਸੁਣਿਆ ਹੈ ਬਈ ਅਸੀਂ ਤੁਹਾਨੂੰ ਵੋਟ ਨਹੀਂ ਪਾਉਂਦੇ। ਅਸੀਂ ਪੀੜ੍ਹੀਆਂ ਤੋਂ ਤੁਹਾਡੇ ਮੁਰੀਦ ਹਾਂ। ਤੁਸੀਂ ਭਾਵੇਂ ਸਾਨੂੰ ਕੁੱਟੋ ਭਾਵੇਂ ਮਾਰੋ ਸਾਡੀ ਵਫ਼ਾਦਾਰੀ 'ਚ ਕਦੇ ਕੋਈ ਕਮੀ ਨਹੀਂ ਆਉਣੀ। •

ਠੰਢੀ ਰਾਖ

ਕਰਾਈ

ਕਹਿੰਦੇ ਨੇ ਸ਼ਰੀਕ ਮਿੱਟੀ ਦਾ ਵੀ ਮਾੜਾ ਹੁੰਦਾ ਪਰ ਇਸ ਕਹਾਣੀ ਵਿਚਲੇ ਸ਼ਰੀਕ ਤਾਂ ਧਨਾਢ ਹਨ। ਅਮੀਰ ਬੰਦਾ ਕਦੋਂ ਬਰਦਾਸ਼ਤ ਕਰਦਾ ਕਿ ਕੋਈ ਉਸ ਨੂੰ ਨਾਂਹ ਕਰੇ। ਆਪਣੀ ਹਿੰਡ ਪੁਗਾਉਣ ਅਤੇ ਜ਼ਮੀਨ ਹੜੱਪਣ ਲਈ ਉਸ ਇਕ ਮਾਸੂਮ ਦੀ ਬਲੀ ਲੈ ਲਈ...

• ਰਾਜਿੰਦਰ ਸਿੰਘ ਢੱਡਾ
82849-16049

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਉਸਨੇ ਅਸਲੀ ਰੁੱਕਾ ਅੰਦਰ ਟਰੰਕ ਵਿਚ ਰੱਖ ਦਿੱਤਾ ਅਤੇ ਉਹ ਫੋਟੋ ਸਟੇਟ ਵਾਲੀ ਕਾਪੀ ਆਪਣੇ ਖੀਸੇ ਵਿਚ ਪਾ ਕੇ ਧੀ ਨੂੰ ਲੈਣ ਅੱਡੇ ਵੱਲ ਚੱਲ ਗਿਆ। ਧੀ ਬਾਰੇ ਉਸ ਨੂੰ ਬੁਰੇ-ਬੁਰੇ ਖ਼ਿਆਲਾਂ ਨੇ ਉਸ ਨੂੰ ਜਕੜ ਲਿਆ ਸੀ। ਫਿਰ ਉਹ ਸੋਚਣ ਲੱਗਾ ਅਗਰ ਉਹ ਇਕੱਲਾ ਧੀ ਨੂੰ ਲੈਣ ਉਨ੍ਹਾਂ ਦੇ ਘਰ ਗਿਆ ਤਾਂ ਉਹ ਸ਼ਾਇਦ ਉਸ ਨੂੰ ਧੀ ਨਾਲ ਮਿਲਣ ਹੀ ਨਾ ਦੇਣ। ਕਿਉਂ ਨਾ ਪੁਲਿਸ ਦੀ ਮਦਦ ਲਈ ਜਾਵੇ। ਲਾਗਲੇ ਪੁਲਿਸ ਥਾਣੇ ਦਾ ਪਤਾ ਕਰ ਕੇ ਬਾਬਾ ਉੱਥੇ ਪਹੁੰਚ ਗਿਆ। ਥਾਣਾ ਮੁਖੀ ਆਪਣੇ ਦਫ਼ਤਰ ਅੰਦਰ ਹੀ ਬੈਠਾ ਸੀ। ਬਾਬੇ ਨੇ ਹੱਥ ਜੋੜ ਕੇ ਫ਼ਤਹਿ ਬੁਲਾਈ। ਥਾਣੇਦਾਰ ਨੇ ਬਾਬੇ ਨੂੰ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕੀਤਾ।

'ਬਾਬਾ ਜੀ ਕਿਵੇਂ ਆਉਣਾ ਹੋਇਆ?'

'ਜਨਾਬ ਇੱਥੇ ਲਾਗੇ ਹੀ ਕੁਰਾਲੀਆ ਪਿੰਡ ਵਿਚ ਮੇਰੀ ਧੀ ਵਿਆਹੀ ਹੋਈ ਹੈ, ਉਸ ਦੇ ਸਹੁਰੇ ਉਸ ਨੂੰ ਬਹੁਤ ਤੰਗ-ਪਰੇਸ਼ਾਨ ਕਰਦੇ ਹਨ। ਘਰ ਵਿਚ ਉਸ ਨੂੰ ਇਕ ਕਿਸਮ ਦਾ ਗ਼ੁਲਾਮ ਬਣਾ ਕੇ ਹੀ ਰੱਖਿਆ ਹੋਇਆ ਹੈ। ਕਿਰਪਾ ਕਰ ਕੇ ਮੇਰੀ ਧੀ ਨੂੰ ਉਨ੍ਹਾਂ ਦੇ ਚੁੰਗਲ ਵਿੱਚੋਂ ਛੁਡਾਉਣ ਲਈ ਮੇਰੀ ਮਦਦ ਕਰੋ।'

'ਅੱਛਾ..ਅੱਛਾ... ਤਾਂ ਤੂੰ ਉਨ੍ਹਾਂ ਏਜੰਟਾਂ ਦੀ ਨੂੰਹ ਦੀ ਗੱਲ ਕਰਦਾਂ?"

'ਜੀ ਜਨਾਬ!'

'ਬਾਬਾ ਤੇਰੀ ਧੀ ਨੇ ਤਾਂ ਕਲ੍ਹ ਹੀ ਮਿੱਟੀ ਦਾ ਤੇਲ ਪਾ ਕੇ ਸੁਸਾਇਡ ਕਰ ਲਿਆ।'

'ਕੀ ਕਰ ਲਿਆ?'

'ਸੁਸਾਇਡ ਮਤਲਬ ਆਤਮ ਹੱਤਿਆ।' ਉਸ ਦੇ ਹੱਥਾਂ ਦਾ ਲਿਖਿਆ ਸੁਸਾਇਡ ਤੈਨੂੰ ਮੈਂ ਪੜ੍ਹ ਕੇ ਸੁਣਾਉਂਦਾਂ।

" ਮੈਂ ਆਪਣੀ ਮਰਜ਼ੀ ਨਾਲ ਸੁਸਾਇਡ ਕਰ ਰਹੀ ਹਾਂ। ਇਨ੍ਹਾਂ ਨੂੰ ਮੇਰਾ ਬਾਹਰਲੇ ਬੰਦਿਆਂ ਨਾਲ ਮਿਲਣਾ ਜੁਲਣਾ ਪਸੰਦ ਨਹੀਂ ਸੀ। ਮੈਂ ਇਸ ਤਰ੍ਹਾਂ ਘਰ ਦੀ ਬੰਦਿਸ਼ ਵਿਚ ਨਹੀਂ ਰਹਿ ਸਕਦੀ। ਮੈਂ ਸੁਸਾਇਡ ਕਰ ਰਹੀ ਹਾਂ ਇਸ ਵਿਚ ਇਸ ਘਰ ਦੇ ਕਿਸੇ ਵੀ ਫੈਮਿਲੀ ਮੈਂਬਰ ਦਾ ਕੋਈ ਫਾਲਟ ਨਹੀਂ ਹੈ ਇਨ੍ਹਾਂ 'ਤੇ ਕੋਈ ਐਕਸ਼ਨ ਨਾ ਲਿਆ ਜਾਵੇ।'

ਸਿਮਰਜੀਤ ਕੌਰ

ਇਹ ਸਭ ਸੁਣ ਕੇ ਬਾਬੇ ਬਿਸ਼ਨੇ ਦੇ ਹੋਸ਼ ਉੱਡ ਗਏ।

'ਤਾਂ ਉਨ੍ਹਾਂ ਮੇਰੀ ਧੀ ਨੂੰ ਮਾਰ ਹੀ ਦਿੱਤਾ।'

'ਉਨ੍ਹਾਂ ਨੀ ਮਾਰਿਆ ਉਹ ਤਾਂ ਖ਼ੁਦ ਮਰੀ। ਇਹੋ ਜਿਹੀ ਅਯਾਸ਼ ਕੁੜੀ ਨੂੰ ਤਾਂ ਬਾਬਾ ਘਰੇ ਹੀ ਮਾਰ ਦਿੰਦਾ।'

'ਥਾਣੇਦਾਰਾ ਕੁਝ ਉੱਪਰ ਵਾਲੇ ਦਾ ਖ਼ੌਫ਼ ਖਾਹ। ਤੂੰ ਵੀ ਨਿੰਕਿਆਂ ਨਿਆਣਿਆਂ ਵਾਲਾ ਲੱਗਦਾਂ, ਇਕ ਰੁੱਕਾ ਜਿਹਾ ਖ਼ੁਦ ਲਿਖ ਕੇ ਤੈਨੂੰ ਉਨ੍ਹਾਂ ਫੜ੍ਹਾ ਦਿੱਤਾ ਤੇ ਤੂੰ ਇਸ ਕਤਲ ਦੀ ਕੋਈ ਤਫਤੀਸ਼ ਨਹੀਂ ਕੀਤੀ। ਉਨ੍ਹਾਂ ਧੋਖੇ ਨਾਲ ਅੱਠ ਕਿੱਲੇ ਪੈਲੀ ਇਕ ਕਰੋੜ ਦੀ ਵੇਚ ਦਿੱਤੀ ਜੋ ਮੇਰੀ ਧੀ ਦੇ ਨਾਂ ਸੀ ਅਤੇ ਮੇਰੀ ਧੀ ਨੂੰ ਉਨ੍ਹਾਂ ਮਾਰ ਦਿੱਤਾ। ਉਸ ਇਕ ਕਰੋੜ ਵਿੱਚੋਂ ਕੁਝ ਹਿੱਸਾ ਤੇਰੀ ਜੇਬ ਵਿਚ ਵੀ ਪੈ ਗਿਆ ਹੋਣਾ ਤਾਂ ਤੇਰੀ ਜ਼ਬਾਨ ਬੰਦ ਹੋ ਗਈ।'

'ਯਾਦ ਰੱਖੀ ਜੁਰਮ ਕਰਨ ਵਾਲਾ ਕਿਤੇ ਨਾ ਕਿਤੇ ਕੋਈ ਨਾ ਕੋਈ ਸਬੂਤ ਛੱਡ ਹੀ ਜਾਂਦਾ। ਸ਼ਾਇਦ ਤੈਨੂੰ ਪਤਾ ਨੀ ਹੋਣਾ ਕਿ ਮੇਰੀ ਧੀ ਤਾਂ ਪੰਜਵੀਂ ਤਕ ਹੀ ਪੜ੍ਹੀ ਸੀ। ਉਹ ਆਹ ਗਰੇਜੀ ਗਰੂਜੀ ਦੇ ਅੱਖਰ ਤਾਂ ਜਾਣਦੀ ਹੀ ਨਹੀਂ ਸੀ। ਜੋ ਇਸ ਰੁੱਕੇ ਵਿਚ ਲਿਖਕੇ ਤੈਨੂੰ ਦਿੱਤੇ ਗਏ। ਆ ਦੇਖ ਇਕ ਚਿੱਠੀ ਜੋ ਮੇਰੀ ਧੀ ਨੇ ਮੈਨੂੰ ਲਿਖੀ ਜਿਸ ਵਿਚ ਉਸ 'ਤੇ ਹੋ ਰਹੇ ਜ਼ੁਲਮਾਂ ਬਾਰੇ ਲਿਖਿਆ।'

ਬਾਬੇ ਬਿਸ਼ਨੇ ਨੇ ਉਹੀ ਫੋਟੋ ਕਾਪੀ ਥਾਣੇਦਾਰ ਨੂੰ ਦਿੱਤੀ। ਥਾਣੇਦਾਰ ਨੇ ਸਾਰੀ ਚਿੱਠੀ ਪੜ੍ਹੀ।

'ਇਸ ਦੀ ਅਸਲੀ ਕਾਪੀ ਕਿੱਥੇ ਆ?'

'ਥਾਣੇਦਾਰਾ ਇਸ ਦੀ ਅਸਲੀ ਕਾਪੀ ਮੈਂ ਉੱਪਰ ਪੇਸ਼ ਕਰੂੰ। ਯਾਦ ਰੱਖੀ ਮੇਰੀ ਧੀ ਦੇ ਕਤਲ ਵਿਚ ਤੂੰ ਵੀ ਓਨਾ ਹੀ ਭਾਈਵਾਲ ਏ ਜਿੰਨੇ ਉਹ।'

ਇੰਨੀ ਗੱਲ ਕਹਿ ਕੇ ਬਾਬਾ ਉੱਠ ਕੇ ਬਾਹਰ ਨੂੰ ਜਾਣ ਲੱਗਾ ਤਾਂ ਇਕਦਮ ਥਾਣੇਦਾਰ ਉੱਠ ਕੇ ਬਾਬੇ ਦੇ ਗੋਡਿਆਂ ਨੂੰ ਹੱਥ ਲਾ ਕੇ ਬੋਲਿਆ।

'ਬਾਬਾ ਜੀ ਮੈਂ ਹੱਥ ਜੋੜ ਕੇ ਤੁਹਾਡੇ ਕੋਲੋਂ ਮਾਫ਼ੀ ਮੰਗਦਾ ਮੈਨੂੰ ਮੇਰੇ ਬੱਚਿਆਂ ਦੀ ਸਹੁੰ, ਮੈਨੂੰ ਮੇਰੇ ਰੱਬ ਦੀ ਸਹੁੰ, ਮੈਂ ਕੁੱਤੀ ਦਾ ਪੁੱਤ ਹੋਵਾਂ ਜੇ ਮੈਨੂੰ ਸੱਚਾਈ ਦਾ ਪਤਾ ਹੋਵੇ। ਇਕ ਮਿੰਟ ਬੈਠੋ ਮੈਂ ਤੁਹਾਨੂੰ ਸਭ ਸੱਚੋ ਸੱਚ ਦੱਸਦਾ।'

ਬਾਬਾ ਬਿਸ਼ਨਾ ਉੱਥੇ ਬੈਠਣਾ ਨਹੀਂ ਸੀ ਚਾਹੁੰਦਾ। ਉਸ ਦਾ ਦਿਲ ਫਟਦਾ ਜਾ ਰਿਹਾ ਸੀ। ਉਸ ਦੀ ਧੀ ਦੂਰ ਜਾ ਚੁੱਕੀ ਸੀ। ਫਿਰ ਵੀ ਥਾਣੇਦਾਰ ਨੇ ਮਿੰਨਤਾਂ ਤਰਲੇ ਕਰ ਕੇ ਬਾਬੇ ਨੂੰ ਬਿਠਾ ਲਿਆ।

"ਬਾਬਾ ਜੀ ਮੈਨੂੰ ਨਹੀਂ ਸੀ ਪਤਾ ਇਹ ਸਾਲੇ ਇੰਨੇ ਘਟੀਆ ਬੰਦੇ ਆ ਤੁਸੀ ਯਕੀਨ ਕਰਿਓ ਕਦੀ ਏਜੰਟ ਆਪ ਆਉਂਦਾ, ਕਦੀ ਕਿਸੇ ਨੂੰ ਭੇਜਦਾ ਕਿ ਉਨ੍ਹਾਂ ਦੀ ਵਹੁਟੀ ਨੇ ਜੀਣਾ ਹਰਾਮ ਕੀਤਾ ਹੋਇਆ ਹੈ। ਉਹ ਬਾਹਰਲੇ ਬੰਦਿਆਂ ਨਾਲ ਮਿਲਦੀ-ਜੁਲਦੀ ਹੈ। ਵੱਖ-ਵੱਖ ਬੰਦੇ ਆ ਕੇ ਮੇਰੇ ਪਾਸ ਉਹੀ ਬੋਲੀ ਬੋਲਦੇ। ਮੇਰਾ ਤਾਂ ਉਨ੍ਹਾਂ ਨੇ ਪੂਰੀ ਤਰ੍ਹਾਂ ਬਰੇਨ ਵਾਸ਼ ਕਰ ਦਿੱਤਾ ਸੀ। ਪਰ ਤੁਸੀਂ ਵੇਖਦੇ ਜਾਓ ਮੈਂ ਕਿੰਦਾਂ ਸੱਚਾਈ ਉਗਲਾ ਲੈਨਾਂ ਹੁਣੇ। ਇਨ੍ਹਾਂ ਕੁੱਤੀ ਦੇ ਪੁੱਤਾਂ ਨੇ ਮੈਨੂੰ ਹੀ ਬੇਵਕੂਫ਼ ਬਣਾ ਦਿੱਤਾ। ਪਰ ਸ਼ਾਇਦ ਇਨ੍ਹਾਂ ਨੂੰ ਪਤਾ ਨਹੀਂ ਮੇਰਾ ਨਾਂ ਵੀ ਖੁਸ਼ਵੰਤ ਸਿੰਘ ਠੁੱਡਮਾਰ ਆ। ਮੈਂ ਤਾਂ ਠੁੱਡੇ ਮਾਰ-ਮਾਰ ਅਗਲੇ ਦੀ ਭੜੀ ਕੱਢ ਦਿੰਦਾ ਹੁੰਨਾ। ਆ ਬਾਬਾ ਤੇਰੀ ਧੀ ਦਾ ਲਿਖਿਆ ਰੁੱਕਾ ਹੀ ਉਨ੍ਹਾਂ ਨੂੰ ਫਾਂਸੀ ਦੇ ਫੰਦੇ ਤਕ ਪਹੁੰਚਾਉਣ ਲਈ ਕਾਫ਼ੀ ਆ। ਬਾਬਾ ਉਹ ਤੇਰੀ ਧੀ ਨਹੀਂ ਸੀ ਉਹ ਮੇਰੀ ਵੀ ਧੀ ਸੀ। ਜਿਸ ਨੂੰ ਉਨ੍ਹਾਂ ਕੰਜਰਾਂ ਨੇ ਖ਼ੁਦ ਅੱਗ ਲਾ ਕੇ ਫੂਕ ਦਿੱਤਾ। ਤੂੰ ਦੇਖਦਾ ਜਾਈਂ 302 ਦਾ ਬਣਾਉਂ ਕੇਸ ਤੇ ਜਾਅਲੀ ਰਜਿਸਟਰੀ ਕਰਾਉਣ ਲਈ ਉਨ੍ਹਾਂ ਦੀ ਕੁੜੀ 'ਤੇ ਪਾਉਂ 420 ਤੇ ਧੋਖਾਧੜੀ ਦਾ ਕੇਸ ਤੇ ਨਾਲੇ ਉਨ੍ਹਾਂ ਦੇ ਮੁੰਡੇ ਦੀ ਕਰਾਉਂ ਡਾਕਟਰੀ ਜੋ ਸਾਲਾ ਖ਼ੁਦ ਬਿਮਾਰੀ ਦਾ ਮਾਰਿਆ ਸੀ। ਇਕ ਭੋਲੀ ਭਾਲੀ ਕੁੜੀ ਦੀ ਜ਼ਿੰਦਗੀ ਕਾਹਤੋਂ ਖ਼ਰਾਬ ਕੀਤੀ। ਬਸ ਬਾਬਾ ਜੀ ਦੇਖਦੇ ਜਾਓ ਮੈਂ ਕਿੰਦਾਂ ਇਨ੍ਹਾਂ ਦੇ ਡੰਡਾ ਚਾੜ੍ਹਦਾਂ। "

ਥਾਣੇਦਾਰ ਨੇ ਇਕ ਏ.ਐੱਸ.ਆਈ ਤੇ ਤਿੰਨ ਸਿਪਾਹੀਆਂ ਨੂੰ ਹੁਕਮ ਦਿ

‘ਖੇਡਾਂ ਵਤਨ ਪੰਜਾਬ ਦੀਆਂ’ ਸੀਜ਼ਨ-3 ’ਚ ਭਾਗ ਲੈਣ ਲਈ ਖਿਡਾਰੀ ਮੌਕੇ ’ਤੇ ਕਰਵਾ ਸਕਣਗੇ ਰਜਿਸਟਰੇਸ਼ਨ : ਜ਼ਿਲ੍ਹਾ ਖੇਡ ਅਫ਼ਸਰ

ਪਟਿਆਲਾ, 31 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਵਿੱਚ 31 ਅਗਸਤ ਤੋਂ ‘ਖੇਡਾਂ ਵਤਨ ਪੰਜਾਬ ਦੀਆਂ 2024’ ਸੀਜ਼ਨ-3 ਖੇਡ ਮੁਕਾਬਲਿਆਂ ਦੀ ਸ਼ੁਰੂਆਤ ਕੀਤੀ ਜਾਵੇਗੀ। ਖੇਡਾਂ ਦਾ ਉਦਘਾਟਨ 31 ਅਗਸਤ ਨੂੰ ਸੰਗਰੂਰ ਵਿਖੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਜ਼ਿਲ੍ਹਾ ਖੇਡ ਅਫ਼ਸਰ ਪਟਿਆਲਾ ਹਰਪਿੰਦਰ ਸਿੰਘ ਨੇ ਕਿਹਾ ਕਿ ‘ਖੇਡਾਂ ਵਤਨ ਪੰਜਾਬ ਦੀਆਂ’ ਦੇ ਬਲਾਕ ਪੱਧਰੀ ਮੁਕਾਬਲਿਆਂ ਲਈ ਰਜਿਸਟ੍ਰੇਸ਼ਨ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਹੁਣ ਖਿਡਾਰੀ ਆਪਣੀ ਰਜਿਸਟਰੇਸ਼ਨ ਮੌਕੇ ’ਤੇ ਵੀ ਆਫ਼ਲਾਈਨ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਆਫ਼ਲਾਈਨ ਰਜਿਸਟਰੇਸ਼ਨ ਕਰਵਾਉਣ ਵਾਲੇ ਖਿਡਾਰੀ ਪਿੰਡ ਦੇ ਸਰਪੰਚ, ਸਕੂਲ ਪ੍ਰਿੰਸੀਪਲ ਦੇ ਹਸਤਾਖਰ ਅਤੇ ਮੋਹਰ ਨਾਲ ਫਾਰਮ ਨੂੰ ਤਸਦੀਕ ਕਰਵਾਉਣ ਅਤੇ ਫਾਰਮ ਜਮ੍ਹਾਂ ਕਰਵਾਉਣ ਸਮੇਂ ਆਧਾਰ ਕਾਰਡ ਅਤੇ ਬੈਂਕ ਖਾਤੇ ਦੀ ਫ਼ੋਟੋ ਕਾਪੀ ਨੱਥੀ ਕਰਨੀ ਵੀ ਜ਼ਰੂਰੀ ਹੈ।

ਉਨ੍ਹਾਂ ਦੱਸਿਆ ਕਿ ਬਲਾਕ ਪੱਧਰ ਦੀਆਂ ਖੇਡਾਂ ਮਿਤੀ 2-9-2024 ਤੋਂ 11-9-2024 ਤੱਕ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ 2 ਤੋਂ 4 ਸਤੰਬਰ ਤੱਕ ਚਾਰ ਬਲਾਕ ਪਟਿਆਲਾ ਸ਼ਹਿਰ, ਪਾਤੜਾਂ, ਸ਼ੰਭੂ ਕਲਾਂ ਅਤੇ ਪਟਿਆਲਾ ਦਿਹਾਤੀ ਦੇ ਮੁਕਾਬਲੇ ਹੋਣਗੇ। ਜਿਸ ਵਿੱਚ ਪਟਿਆਲਾ ਸ਼ਹਿਰ ਦੇ ਮੁਕਾਬਲੇ ਰਾਜਾ ਭਲਿੰਦਰ ਸਿੰਘ ਖੇਡ ਸਟੇਡੀਅਮ ਪੋਲੋ ਗਰਾਊਂਡ ਵਿਖੇ ਹੋਣਗੇ ਜਿਸ ਦੇ ਇੰਚਾਰਜ ਤੇਜਪਾਲ ਸਿੰਘ ਹਨ। ਇਸੇ ਤਰ੍ਹਾਂ ਪਾਤੜਾਂ ਬਲਾਕ ਦੇ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੇਡ ਸਟੇਡੀਅਮ ਘੱਗਾ ਵਿਖੇ ਹੋਣਗੇ ਇਸ ਦੇ ਇੰਚਾਰਜ ਬਹਾਦਰ ਸਿੰਘ ਹਨ। ਸ਼ੰਭੂ ਕਲਾਂ ਬਲਾਕ ਦੇ ਮੁਕਾਬਲੇ ਯੂਨੀਵਰਸਿਟੀ ਕਾਲਜ ਘਨੌਰ ਤੇ ਬਹਾਦਰਗੜ੍ਹ ਸਟੇਡੀਅਮ ਘਨੌਰ ਵਿਖੇ ਹੋਣਗੇ ਜਿਸ

ਦੇ ਇੰਚਾਰਜ ਕੰਵਲਦੀਪ ਸਿੰਘ ਹਨ। ਪਟਿਆਲਾ ਦਿਹਾਤੀ ਦੇ ਮੁਕਾਬਲੇ ਸਰਕਾਰੀ ਫਿਜੀਕਲ ਕਾਲਜ ਪਟਿਆਲਾ ਵਿਖੇ ਹੋ ਰਹੇ ਹਨ ਜਿਸ ਦੇ ਇੰਚਾਰਜ ਨਰੇਸ਼ ਰਜੋਰੀਆਂ ਹਨ।

ਜ਼ਿਲ੍ਹਾ ਖੇਡ ਅਫ਼ਸਰ ਨੇ ਦੱਸਿਆ ਕਿ 9 ਤੋਂ 11 ਸਤੰਬਰ ਤੱਕ ਛੇ ਬਲਾਕਾਂ ਦੇ ਸਮਾਣਾ, ਸਨੌਰ, ਨਾਭਾ, ਘਨੌਰ, ਰਾਜਪੁਰਾ ਅਤੇ ਭੁਨਰਹੇੜੀ ਦੇ ਮੁਕਾਬਲੇ ਹੋਣਗੇ। ਇਸ ਵਿੱਚ ਸਮਾਣਾ ਬਲਾਕ ਦੇ ਮੁਕਾਬਲੇ ਪਬਲਿਕ ਕਾਲਜ ਸਮਾਣਾ ਵਿਖੇ ਹੋਣਗੇ ਜਿਸ ਦੇ ਇੰਚਾਰਜ ਬਲਬੀਰ ਚੰਦ ਹਨ। ਬਲਾਕ ਸਨੌਰ ਦੇ ਮੁਕਾਬਲੇ ਸ਼ਹੀਦ ਊਧਮ ਸਿੰਘ ਸਟੇਡੀਅਮ ਸਨੌਰ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਸਨੌਰ ਵਿਖੇ ਹੋਣਗੇ ਜਿਸ ਦੇ ਇੰਚਾਰਜ ਇੰਦਰਜੀਤ ਸਿੰਘ ਹਨ। ਬਲਾਕ ਨਾਭਾ ਦੇ ਮੁਕਾਬਲੇ ਸਰਕਾਰੀ ਰਿਪੁਦਮਨ ਕਾਲਜ ਵਿਖੇ ਹੋਣਗੇ ਜਿਸ ਦੇ ਇੰਚਾਰਜ ਪਰਮਿੰਦਰ ਸਿੰਘ ਹਨ। ਘਨੌਰ ਬਲਾਕ ਦੇ ਮੁਕਾਬਲੇ ਯੂਨੀਵਰਸਿਟੀ ਕਾਲਜ ਘਨੌਰ ਤੇ ਬਹਾਦਰਗੜ੍ਹ ਸਟੇਡੀਅਮ ਘਨੌਰ ਵਿਖੇ ਹੋਣਗੇ ਜਿਸ ਦੇ ਇੰਚਾਰਜ ਇੰਦਰਜੀਤ ਸਿੰਘ ਹਨ। ਰਾਜਪੁਰਾ ਬਲਾਕ ਦੇ ਮੁਕਾਬਲੇ ਐਮ.ਸੀ. ਸਟੇਡੀਅਮ ਨਿਲਪੁਰ ਰਾਜਪੁਰਾ ਵਿਖੇ ਹੋਣਗੇ ਜਿਸ ਦੇ ਇੰਚਾਰਜ ਹਰਮਨਪ੍ਰੀਤ ਸਿੰਘ ਹਨ। ਬਲਾਕ ਭੁਨਰਹੇੜੀ ਦੇ ਮੁਕਾਬਲੇ ਸ਼ਹੀਦ ਊਧਮ ਸਿੰਘ ਸਟੇਡੀਅਮ ਭੁਨਰਹੇੜੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਸੀਂਗਣ ਤੇ ਕੇ.ਵੀ ਕਾਲਜ ਫਤਿਹਪੁਰ ਰਾਜਪੂਤਾਂ ਭਗਵਾਨਪੁਰਾ ਜੱਟਾ ਵਿਖੇ ਕਰਵਾਏ ਜਾਣਗੇ ਇਸ ਦੇ ਇੰਚਾਰਜ ਲਤੀਫ ਮੁਹੰਮਦ ਹੋਣਗੇ।

ਉਨ੍ਹਾਂ ਖਿਡਾਰੀਆਂ ਨੂੰ ਇਨ੍ਹਾਂ ਖੇਡਾਂ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ‘ਖੇਡਾਂ ਵਤਨ ਪੰਜਾਬ ਦੀਆਂ 2024’ ਸੀਜ਼ਨ-3 ਦੇ ਬਲਾਕ ਪੱਧਰੀ ਮੁਕਾਬਲਿਆਂ ਵਿੱਚ ਫੁੱਟਬਾਲ, ਕਬੱਡੀ (ਨੈਸ਼ਨਲ ਸਟਾਇਲ ਤੇ ਸਰਕਲ ਸਟਾਇਲ) ਖੋ ਖੋ, ਐਥਲੈਟਿਕਸ, ਵਾਲੀਬਾਲ (ਸਮੈਸਿੰਗ ਤੇ ਸ਼ੂਟਿੰਗ) ਖੇਡਾਂ ’ਚ ਵੱਖ ਵੱਖ ਉਮਰ ਵਰਗ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਆਨ ਲਾਈਨ ਰਜਿਸਟਰੇਸ਼ਨ ਲਈ ਖਿਡਾਰੀ https://eservices.punjab.gov.in ’ਤੇ ਆਪਣੀ ਰਜਿਸਟਰੇਸ਼ਨ ਕਰਵਾ ਸਕਦੇ ਹਨ ਤੇ ਮੌਕੇ ’ਤੇ ਆਫ਼ਲਾਈਨ ਰਜਿਸਟਰੇਸ਼ਨ ਵੀ ਕਰਵਾਈ ਜਾ ਸਕੇਗੀ।

ਪ੍ਰਸਿੱਧ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਸ਼ਖਸੀਅਤਾਂ ਵੱਲੋਂ ਪਵਨ ਗੁਪਤਾ ਨਾਲ ਦੁੱਖ ਦਾ ਪ੍ਰਗਟਾਵਾ

ਪਟਿਆਲਾ, 31 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਜੀ ਦੇ ਪਿਤਾ ਸ਼੍ਰੀ ਹੀਰਾਲਾਲ ਗੁਪਤਾ ਜੀ ਦਾ ਸ਼ਨੀਵਾਰ ਨੂੰ ਦਿਹਾਂਤ ਹੋ ਗਿਆ।

ਉਸ ਤੋਂ ਬਾਅਦ ਸ਼੍ਰੀ ਪਵਨ ਗੁਪਤਾ ਜੀ ਨਾਲ ਦੁੱਖ ਦਾ ਪ੍ਰਗਟਾਵਾ ਕਰਨ ਲਈ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਵੱਡੀ ਗਿਣਤੀ ਵਿਚ ਸਮਾਜ ਦੇ ਹਰ ਵਰਗ ਦੇ ਲੋਕ ਉਨ੍ਹਾਂ ਦੇ ਨਿਵਾਸ ਹੋਈਆਂ। ਅਕਾਲੀ ਦਲ, ਆਮ ਆਦਮੀ ਪਾਰਟੀ, ਕਾਂਗਰਸ, ਭਾਜਪਾ ਅਤੇ ਹਿੰਦੂ ਜਥੇਬੰਦੀਆਂ ਸਮੇਤ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨਾਮਵਰ ਆਗੂ ਅਤੇ ਕਾਰਕੁਨ ਸ਼ਾਮਲ ਹੋਏ। ਸ਼੍ਰੀ ਪਵਨ ਗੁਪਤਾ ਜੀ ਦੇ ਨਾਲ ਦੁੱਖ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਪ੍ਰਸਿੱਧ ਸ਼ਖਸੀਅਤਾਂ ਤੋਂ ਇਲਾਵਾ ਸਰਕਾਰੀ ਪੁਲਿਸ ਅਧਿਕਾਰੀ, ਸਿਵਲ ਅਧਿਕਾਰੀ ਅਤੇ ਸੇਵਾਮੁਕਤ ਸੀਨੀਅਰ ਪੁਲਿਸ ਅਧਿਕਾਰੀ ਵੀ ਸ਼ਾਮਲ ਸਨ।

ਸਵਰਗੀ ਸ਼੍ਰੀ ਹੀਰਾਲਾਲ ਗੁਪਤਾ ਜੀ ਦੇ ਪੁਤਰ ਸ਼੍ਰੀ ਪਵਨ ਗੁਪਤਾ, ਸ੍ਰੀ ਰਾਜੇਸ਼ ਗੁਪਤਾ, ਸ੍ਰੀ ਵਰਿੰਦਰ ਗੁਪਤਾ ਅਤੇ ਦੋ ਧੀਆਂ ਸ੍ਰੀ ਸੁਨੀਤਾ ਗੁਪਤਾ ਅਤੇ ਸ੍ਰੀ ਅਨੀਤਾ ਗੁਪਤਾ ਛੱਡ ਗਏ ਹਨ।

ਇਹ ਪਰਿਵਾਰ ਧਾਰਮਿਕ ਅਤੇ ਰਾਜਨੀਤਿਕ ਖੇਤਰ ਵਿੱਚ ਪ੍ਰਸਿੱਧ ਪਰਿਵਾਰ ਹੈ।

ਸ਼੍ਰੀ ਪਵਨ ਗੁਪਤਾ ਜੀ ਦੇ ਪਿਤਾ ਸ਼੍ਰੀ ਹੀਰਾਲਾਲ ਗੁਪਤਾ ਜੀ ਦਾ ਅੰਤਿਮ ਭੋਗ ਕੱਲ, ਵੀਰਵਾਰ, 31 ਅਗਸਤ 2024 ਨੂੰ ਬਾਅਦ ਦੁਪਹਿਰ 1:00 ਤੋਂ 2:00 ਵਜੇ ਤੱਕ ਨਾਭਾ ਰੋਡ,

ਪੀ.ਪੀ.ਐਸ.ਸੀ ਨੇ ਸਥਾਨਕ ਸਰਕਾਰਾਂ ਤੇ ਲੋਕ ਨਿਰਮਾਣ ਵਿਭਾਗਾਂ ’ਚ ਅਸਿਸਟੈਂਟ ਆਰਕੀਟੈਕਟ ਦੀਆਂ ਅਸਾਮੀਆਂ ਦੇ ਨਤੀਜੇ ਐਲਾਨੇ

ਪਟਿਆਲਾ, 31 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਪਬਲਿਕ ਸਰਵਿਸ ਕਮਿਸ਼ਨ (ਪੀ.ਪੀ.ਐਸ.ਸੀ.) ਦੇ ਚੇਅਰਮੈਨ ਜਤਿੰਦਰ ਸਿੰਘ ਔਲਖ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਮਿਸ਼ਨ ਵੱਲੋਂ ਸਥਾਨਕ ਸਰਕਾਰਾਂ ਅਤੇ ਲੋਕ ਨਿਰਮਾਣ ਵਿਭਾਗ ਵਿੱਚ ਅਸਿਸਟੈਂਟ ਆਰਕੀਟੈਕਟ ਦੀਆਂ ਅਸਾਮੀਆਂ ਦਾ ਨਤੀਜਾ ਅੱਜ ਐਲਾਨ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸਥਾਨਕ ਸਰਕਾਰਾਂ ਵਿਭਾਗ (ਨਗਰ ਨਿਗਮ) ਦੀਆਂ ਅਸਿਸਟੈਂਟ ਆਰਕੀਟੈਕਟ ਦੀਆਂ 10 ਅਸਾਮੀਆਂ ਅਤੇ ਲੋਕ ਨਿਰਮਾਣ ਵਿਭਾਗ (ਪੀਡਬਲਯੂਡੀ) ਦੇ ਅੰਦਰ 13 ਅਸਾਮੀਆਂ ਦਾ ਨਤੀਜਾ ਪੀ.ਪੀ.ਐਸ.ਸੀ. ਦੀ ਵੈੱਬਸਾਈਟ www.ppsc.gov.in ‘ਤੇ ਅੱਪਲੋਡ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਅਸਾਮੀਆਂ ਲਈ ਕੁੱਲ 296

ਉਮੀਦਵਾਰਾਂ ਵੱਲੋਂ ਅਪਲਾਈ ਕੀਤਾ ਗਿਆ ਸੀ।

ਚੇਅਰਮੈਨ ਜਤਿੰਦਰ ਸਿੰਘ ਔਲਖ ਨੇ ਅੱਗੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਪੰਜਾਬ ਸਰਕਾਰ ਦੇ ਟਾਊਨ ਐਂਡ ਕੰਟਰੀ ਪਲੈਨਿੰਗ ਵਿਭਾਗ ਵਿੱਚ ਸਹਾਇਕ ਟਾਊਨ ਪਲਾਨਰ ਦੀਆਂ 19 ਅਸਾਮੀਆਂ ਲਈ 9 ਅਤੇ 10 ਸਤੰਬਰ ਨੂੰ ਇੰਟਰਵਿਊ ਲਈ ਜਾਵੇਗੀ। ਉਨ੍ਹਾਂ ਦੱਸਿਆ ਕਿ ਸਹਾਇਕ ਟਾਊਨ ਪਲਾਨਰ ਦੀ ਅਸਾਮੀ ਲਈ 251 ਉਮੀਦਵਾਰਾਂ ਵਿੱਚੋਂ, 22 ਨੂੰ ਇੰਟਰਵਿਊ ਲਈ ਸ਼ਾਰਟਲਿਸਟ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇੰਟਰਵਿਊ ਸਬੰਧੀ ਪੂਰੇ ਵੇਰਵੇ ਪੀ.ਪੀ.ਐਸ.ਸੀ ਦੀ ਵੈੱਬਸਾਈਟ ’ਤੇ ਅੱਪਲੋਡ ਕੀਤੇ ਗਏ ਹਨ। ਜਤਿੰਦਰ ਸਿੰਘ ਔਲਖ ਨੇ ਦੱਸਿਆ ਕਿ ਪੀ.ਪੀ.ਐਸ.ਸੀ. ਵੱਲੋਂ ਪੰਜਾਬ ਸਰਕਾਰ ਦੇ ਵੱਖ ਵੱਖ ਵਿਭਾਗਾਂ ’ਚ ਗਰੁੱਪ ਏ ਅਤੇ ਗਰੁੱਪ ਬੀ ਦੀਆਂ ਅਸਾਮੀਆਂ ਲਈ ਭਰਤੀ ਪ੍ਰਕਿਰਿਆ ਪੂਰੀ ਪਾਰਦਰਸ਼ਤਾ ਅਤੇ ਨਿਰਪੱਖਤਾ ਨਾਲ ਕੀਤੀ ਜਾਂਦੀ ਹੈ ਅਤੇ ? ਇਸ ਸਬੰਧੀ ਸਮੇਂ ਸਮੇਂ ’ਤੇ ਜਾਣਕਾਰੀ ਵਿਭਾਗ ਦੀ ਵੈੱਬਸਾਈਟ ’ਤੇ ਅੱਪਲੋਡ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਉਮੀਦਵਾਰ ਜਾਣਕਾਰੀ ਲਈ ਵਿਭਾਗ ਦੀ ਵੈੱਬਸਾਈਟ ਦੀ ਵਰਤੋਂ ਕਰਨ।

ਭਾਰਤ ਸਰਕਾਰ ਦੇ 3 ਰੋਜ਼ਾ ਪ੍ਰੋਗਰਾਮ ਦੌਰਾਨ ਪ੍ਰਦੂਸ਼ਣ ਦੇ ਮੱਦੇਨਜ਼ਰ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ

ਪਟਿਆਲਾ, 31 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਕੇਂਦਰੀ ਸੰਚਾਰ ਬਿਊਰੋ ਵੱਲੋਂ ਸਰਕਾਰ ਦੀਆਂ ਕਲਿਆਣਕਾਰੀ ਯੋਜਨਾਵਾਂ ਦੀ ਥੀਮ ਉੱਤੇ ਸਰਕਾਰੀ ਮਹਿੰਦਰਾ ਕਾਲਜ ਵਿੱਚ ਕਰਵਾਏ ਜਾ ਰਹੇ ਪ੍ਰੋਗਰਾਮ ਦੇ ਦੂਜੇ ਦਿਨ ਵੱਖੋ ਵੱਖ ਬੁਲਾਰਿਆਂ ਨੇ ਮੰਚ ਤੋਂ ਸੰਬੋਧਨ ਕੀਤਾ। ਇਸ ਮੌਕੇ ਬੋਲਦਿਆਂ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਸੈਂਟਰਲ ਬਿਊਰੋ ਆਫ ਕਮਿਊਨੀਕੇਸ਼ਨ ਅੰਮ੍ਰਿਤਸਰ ਦੇ ਮੁਖੀ ਗੁਰਮੀਤ ਸਿੰਘ (ਆਈ.ਆਈ.ਐੱਸ.) ਨੇ ਕਿਹਾ ਕਿ ਇਸ ਸਾਲ ਜੁਲਾਈ ਤੋਂ ਤਿੰਨ ਨਵੇਂ ਅਪਰਾਧਿਕ ਕਾਨੂੰਨ ਦੇਸ਼ ਭਰ ਵਿੱਚ ਲਾਗੂ ਹੋ ਗਏ ਹਨ, ਅਜਿਹੇ ਪ੍ਰੋਗਰਾਮਾਂ ਦੀ ਮਦਦ ਨਾਲ ਲੋਕਾਂ ਨੂੰ ਨਵੇਂ ਕਾਨੂੰਨਾਂ ਦੇ ਤਕਨੀਕੀ ਪਹਿਲੂ ਸਮਝਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸਦੇ ਨਾਲ ਹੀ ਚਿੱਤਰ ਪ੍ਰਦਰਸ਼ਨੀ ਦੇ ਜ਼ਰੀਏ ਲੋਕਾਂ ਨੂੰ ਸਰਕਾਰ ਦੀਆਂ ਕਲਿਆਣਕਾਰੀ ਯੋਜਨਾਵਾਂ ਬਾਰੇ ਜਾਣੂ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸਦੇ ਨਾਲ ਹੀ ਚਿੱਤਰ ਪ੍ਰਦਰਸ਼ਨੀ ਦੇ ਜ਼ਰੀਏ ਲੋਕਾਂ ਨੂੰ ਸਰਕਾਰ ਦੀਆਂ ਕਲਿਆਣਕਾਰੀ ਯੋਜਨਾਵਾਂ ਬਾਰੇ ਜਾਣੂ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਥੇ ਹੀ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਇੰਜੀਨੀਅਰ ਗੁਰਕਰਨ ਸਿੰਘ ਨੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ ਕੀਤੀ ਅਤੇ ਇਸਦਾ ਬਦਲ ਅਪਣਾਉਣ ਲਈ ਕਿਹਾ। ਉਹਨਾਂ ਕਿਹਾ ਕਿ ਕੁਝ ਲੋਕ ਆਪਣੇ ਘਰ ਦਾ ਕੂੜਾ ਦੂਜੇ ਵਿਅਕਤੀ ਦੇ ਘਰ ਦੇ ਬਾਹਰ ਸੁੱਟਣ ਨੂੰ ਸਫਾਈ ਸਮਝਦੇ ਹਨ, ਜੋ ਕਿ ਸਰਾਸਰ ਗਲਤ ਹੈ। ਇਸ ਤੋਂ ਠੀਕ ਉਲਟ ਪੂਰੇ ਮੁਹੱਲੇ, ਸ਼ਹਿਰ, ਪਿੰਡ ਅਤੇ ਦੇਸ਼ ਨੂੰ ਆਪਣੇ ਘਰ ਦੀ ਤਰ੍ਹਾਂ ਸਾਫ ਰੱਖਣ ਦੀ ਲੋੜ ਹੈ ਤਾਂ ਹੀ ਸਫਾਈ ਅਭਿਆਨ ਨੂੰ ਸਫਲਤਾ ਦੇ ਸਿਖਰ ਤੇ ਪਹੁੰਚਾਇਆ ਜਾ ਸਕਦਾ ਹੈ। ਭਾਰਤ ਸਰਕਾਰ ਦੇ ਇਸ ਪ੍ਰੋਗਰਾਮ ਵਿੱਚ ਮੋਹਿੰਦਰਾ ਕਾਲਜ ਦੇ ਮੁੱਖ ਨੋਡਲ ਅਫਸਰ ਪ੍ਰੋਫੈਸਰ ਸਵਿੰਦਰ ਰੇਖੀ ਦੀ ਅਗੁਵਾਈ ਹੇਠ ਕਈ ਬੁਲਾਰਿਆਂ ਨੇ ਵੱਖੋ ਵੱਖ ਵਿਸ਼ਿਆਂ ਉੱਤੇ ਮੰਚ ਤੋਂ ਸੰਬੋਧਨ ਕੀਤਾ। ਸਵਿੰਦਰ ਰੇਖੀ ਨੇ ਕਿਹਾ ਚਿੱਤਰ ਪ੍ਰਦਰਸ਼ਨੀ ਦੇ ਜ਼ਰੀਏ ਲੋਕਾਂ ਨੂੰ ਜਾਗਰੂਕ ਕਰਨਾ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੀ ਇੱਕ ਚੰਗੀ ਪਹਿਲ ਹੈ, ਜਿਸਨੂੰ ਮਿਸ਼ਨ ਦੇ ਤਹਿਤ ਜਾਰੀ ਰੱਖਣਾ ਚਾਹੀਦਾ ਹੈ।

ਪ੍ਰੋਗਰਾਮ ਦੌਰਾਨ ਪ੍ਰੋਫੈਸਰ ਰਮਨੀਤ ਕੌਰ ਨੇ ਜਿਥੇ ਪੋਸ਼ਣ ਅਭਿਆਨ ਨੂੰ ਇੱਕ ਕ੍ਰਾਂਤੀਕਾਰੀ ਯੋਜਨਾ ਕਰਾਰ ਦਿੱਤਾ, ਉੱਥੇ ਹੀ ਪ੍ਰੋਫੈਸਰ ਮੁਹੰਮਦ ਸੋਹੇਲ ਨੇ ਮੰਚ ਤੋਂ ਪਾਣੀ ਦੀ ਸਾਂਭ ਸੰਭਾਲ ਦਾ ਸੁਨੇਹਾ ਦਿੱਤਾ। ਇਸਦੇ ਨਾਲ ਹੀ ਪ੍ਰੋਫੈਸਰ ਪਰਮਵੀਰ ਨੇ ਫਿਟ ਇੰਡੀਆ, ਪ੍ਰੋਫੈਸਰ ਰਾਜੀਵ ਸ਼ਰਮਾ ਨੇ ਸਵੱਛ ਭਾਰਤ ਉੱਤੇ ਅਤੇ ਪ੍ਰੋਫੈਸਰ ਰਾਏ ਬਹਾਦੁਰ ਸਿੰਘ ਨੇ ਗੀਤ ਰਾਹੀਂ ਅਪਣੇ ਵਿਚਾਰ ਰੱਖੇ। ਬਹਿਰਹਾਲ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਵੱਲੋਂ ਕੀਤੀਆਂ ਗਈਆਂ ਪੇਸ਼ਕਾਰੀਆਂ ਲੋਕਾਂ ਦੇ ਖਿੱਚ ਦਾ ਕੇਂਦਰ ਬਣੀਆਂ, ਜਿਸ ਵਿੱਚ ਖ਼ਾਸ ਤੌਰ ਉੱਤੇ ਗਰੁੱਪ ਸੋਂਗ ਅਤੇ ਸਭਿਆਚਾਰਕ ਲੋਕ ਨਾਚ ਸ਼ਾਮਲ ਸਨ। ਇਸਦੇ ਨਾਲ ਹੀ ਨੂਰ ਨਾਟ ਕਲਾ ਕੇਂਦਰ ਵੱਲੋਂ ਨੁੱਕੜ ਨਾਟਕ ਦੇ ਜ਼ਰੀਏ ਸਵੱਛਤਾ ਦਾ ਸੁਨੇਹਾ ਵੀ ਦਿੱਤਾ ਗਿਆ।

ਭਾਰਤ ਸਰਕਾਰ ਦੇ 3 ਰੋਜ਼ਾ ਪ੍ਰੋਗਰਾਮ ਦੌਰਾਨ ਪ੍ਰਦੂਸ਼ਣ ਦੇ ਮੱਦੇਨਜ਼ਰ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ

ਪਟਿਆਲਾ, 31 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਕੇਂਦਰੀ ਸੰਚਾਰ ਬਿਊਰੋ ਵੱਲੋਂ ਸਰਕਾਰ ਦੀਆਂ ਕਲਿਆਣਕਾਰੀ ਯੋਜਨਾਵਾਂ ਦੀ ਥੀਮ ਉੱਤੇ ਸਰਕਾਰੀ ਮਹਿੰਦਰਾ ਕਾਲਜ ਵਿੱਚ ਕਰਵਾਏ ਜਾ ਰਹੇ ਪ੍ਰੋਗਰਾਮ ਦੇ ਦੂਜੇ ਦਿਨ ਵੱਖੋ ਵੱਖ ਬੁਲਾਰਿਆਂ ਨੇ ਮੰਚ ਤੋਂ ਸੰਬੋਧਨ ਕੀਤਾ।

ਇਸ ਮੌਕੇ ਬੋਲਦਿਆਂ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਸੈਂਟਰਲ ਬਿਊਰੋ ਆਫ ਕਮਿਊਨੀਕੇਸ਼ਨ ਅੰਮ੍ਰਿਤਸਰ ਦੇ ਮੁਖੀ ਗੁਰਮੀਤ ਸਿੰਘ (ਆਈ.ਆਈ.ਐੱਸ.) ਨੇ ਕਿਹਾ ਕਿ ਇਸ ਸਾਲ ਜੁਲਾਈ ਤੋਂ ਤਿੰਨ ਨਵ

ਸੰਪਾਦਕੀ

ਲੜਕੀਆਂ ਦੇ ਵਿਆਹ ਦੀ ਉਮਰ 18 ਤੋਂ 21 ਦੀ ਪਹਿਲਕਦਮੀ

ਹਿਮਾਚਲ ਪ੍ਰਦੇਸ਼ ਵੱਲੋਂ ਬਾਲ ਵਿਆਹ ਰੋਕੂ (ਹਿਮਾਚਲ ਪ੍ਰਦੇਸ਼ ਸੋਧ) ਬਿਲ, 2024 ਰਾਹੀਂ ਲੜਕੀਆਂ ਦੇ ਕਾਨੂੰਨੀ ਵਿਆਹ ਦੀ ਉਮਰ ਹੱਦ 18 ਸਾਲ ਤੋਂ ਵਧਾ ਕੇ 21 ਸਾਲ ਕਰਨ ਦੀ ਪੇਸ਼ਕਦਮੀ ਨਾਲ ਬਹਿਸ ਸ਼ੁਰੂ ਹੋ ਗਈ ਹੈ। ਪਹਿਲਾਂ ਹੀ ਇਸ ਮੁੱਦੇ 'ਤੇ ਰਾਸ਼ਟਰੀ ਪੱਧਰ 'ਤੇ ਵਿਵਾਦ ਚੱਲ ਰਿਹਾ ਸੀ। ਕੇਂਦਰ ਸਰਕਾਰ ਵਲੋਂ ਬਾਲ ਵਿਆਹ ਰੋਕੂ (ਸੋਧ) ਬਿਲ ਦੀ ਅਜੇ ਇੱਕ ਸੰਸਦੀ ਕਮੇਟੀ ਵੱਲੋਂ ਸਮੀਖਿਆ ਕੀਤੀ ਜਾ ਰਹੀ ਹੈ ਜਦੋਂਕਿ ਹਿਮਾਚਲ ਪ੍ਰਦੇਸ਼ ਦੇ ਕਾਨੂੰਨ ਨੇ ਕਮੇਟੀ ਦੀਆਂ ਪੂਰਵ ਅਗੇਤ ਲੱਭਤਾਂ ਬਾਰੇ ਇੱਕ ਸਵਾਲ ਖੜ੍ਹਾ ਕਰ ਦਿੱਤਾ ਹੈ। ਕੇਂਦਰ ਸਰਕਾਰ ਦੇ ਬਿਲ ਜਿਸ ਵਿੱਚ ਵੀ ਲੜਕੀਆਂ ਦੇ ਵਿਆਹ ਦੀ ਉਮਰ ਹੱਦ ਵਧਾ ਕੇ 21 ਸਾਲ ਕੀਤੀ ਗਈ ਹੈ, ਦੀ ਘੋਖ ਪੜਤਾਲ ਕਰ ਰਹੀ ਸੰਸਦੀ ਕਮੇਟੀ ਇਸ ਬਾਰੇ ਵਿਚਾਰ ਵਟਾਂਦਰਾ ਕਰ ਰਹੀ ਹੈ। ਆਸ ਕੀਤੀ ਜਾਂਦੀ ਹੈ ਕਿ ਇਸ ਦੀ ਰਿਪੋਰਟ ਸੱਭਿਆਚਾਰਕ ਸੰਵੇਦਨਸ਼ੀਲਤਾ, ਸਮਾਜਿਕ ਆਰਥਿਕ ਕਾਰਕਾਂ ਅਤੇ ਔਰਤਾਂ ਦੇ ਹੱਕਾਂ ਦੇ ਸੰਭਾਵੀ ਅਸਰ ਅਤੇ ਨਿੱਜੀ ਆਜ਼ਾਦੀਆਂ ਜਿਹੇ ਵੱਖ-ਵੱਖ ਮੁੱਦਿਆਂ ਨੂੰ ਮੁਖਾਤਿਬ ਹੋਵੇਗੀ। ਹਾਲਾਂਕਿ ਹਿਮਾਚਲ ਪ੍ਰਦੇਸ਼ ਦੀ ਇਹ ਆਜ਼ਾਦਾਨਾ ਪਹਿਲਕਦਮੀ ਅਗਾਂਹਵਧੂ ਹੈ ਪਰ ਇਸ ਨੂੰ ਕਾਹਲ ਵੀ ਕਿਹਾ ਜਾ ਸਕਦਾ ਹੈ।

ਇੱਕ ਪਾਸੇ ਸੂਬੇ ਦਾ ਸਰਗਰਮ ਪੈਂਤੜਾ ਲਿੰਗਕ ਸਮਾਨਤਾ ਅਤੇ ਔਰਤਾਂ ਨੂੰ ਹੋਰ ਜ਼ਿਆਦਾ ਅਧਿਕਾਰ ਦੇਣ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਔਰਤਾਂ ਦੀ ਵਿਆਹ ਲਈ ਉਮਰ ਹੱਦ ਨੂੰ ਪੁਰਸ਼ਾਂ ਦੀ ਉਮਰ ਹੱਦ ਦੇ ਬਰਾਬਰ ਕਰ ਕੇ ਕਾਨੂੰਨ ਛੇਤੀ ਵਿਆਹ ਦੇ ਦਬਾਓ ਤੋਂ ਮੁਕਤ ਹੋ ਕੇ ਸਿੱਖਿਆ ਅਤੇ ਨਿੱਜੀ ਵਿਕਾਸ ਲਈ ਔਰਤਾਂ ਨੂੰ ਪੁਰਸ਼ਾਂ ਦੇ ਬਰਾਬਰ ਮੌਕੇ ਮੁਹੱਈਆ ਕਰਾਉਣ ਦਾ ਉਦੇਸ਼ ਰੱਖਦਾ ਹੈ। ਹਾਲਾਂਕਿ, ਜੇ ਸੰਸਦੀ ਕਮੇਟੀ ਦੀ ਰਿਪੋਰਟ ਵੱਖਰੀ ਪਹੁੰਚ ਅਪਣਾਉਂਦੀ ਹੈ ਜਾਂ ਕੋਈ ਹੋਰ ਹਿਫ਼ਾਜ਼ਤੀ ਕਦਮ ਸੁਝਾਉਂਦੀ ਹੈ ਤਾਂ ਇਹ ਕਦਮ ਕਾਨੂੰਨੀ ਤੇ ਸਮਾਜਿਕ ਪੱਖ ਤੋਂ ਅਸਹਿਮਤੀ ਵੀ ਪੈਦਾ ਕਰ ਸਕਦਾ ਹੈ। ਰਾਸ਼ਟਰੀ ਕਾਨੂੰਨ, ਇੱਕ ਵਾਰ ਬਣਨ 'ਤੇ ਰਾਜਾਂ ਦੇ ਕਾਨੂੰਨਾਂ ਦੇ ਉੱਪਰੋਂ ਲਾਗੂ ਹੋ ਜਾਵੇਗਾ। ਸੰਭਾਵੀ ਤੌਰ 'ਤੇ ਇਸ ਨਾਲ ਉਲਝਣ ਪੈਦਾ ਹੋਵੇਗੀ ਤੇ ਹੋਰ ਸੋਧਾਂ ਦੀ ਜ਼ਰੂਰਤ ਪਏਗੀ। ਹਿਮਾਚਲ ਪ੍ਰਦੇਸ਼ ਦੇ ਕਾਨੂੰਨ ਦੇ ਲਾਗੂ ਹੋਣ ਦਾ ਸਮਾਂ ਸੰਸਦੀ ਕਮੇਟੀ ਦੀ ਉਸ ਵਿਆਪਕ ਪ੍ਰਕਿਰਿਆ ਨੂੰ ਕਮਜ਼ੋਰ ਕਰਦਾ ਹੈ ਜਿਸ 'ਚ ਵੱਖ-ਵੱਖ ਧਿਰਾਂ ਦੀ ਸਲਾਹ ਲਈ ਜਾ ਰਹੀ ਹੈ। ਇਸ ਦਾ ਉਦੇਸ਼ ਵੱਖੋ-ਵੱਖਰੇ ਦ੍ਰਿਸ਼ਟੀਕੋਣਾਂ 'ਚ ਤਵਾਜ਼ਨ ਬਿਠਾਉਣਾ ਤੇ ਇਹ ਯਕੀਨੀ ਬਣਾਉਣਾ ਹੈ ਕਿ ਕਾਨੂੰਨ ਸਾਰਿਆਂ ਦੀਆਂ ਖਾਹਿਸ਼ਾਂ ਦੀ ਪੂਰਤੀ ਕਰਦਾ ਤੇ ਚੰਗੀ ਤਰ੍ਹਾਂ ਵਿਚਾਰਿਆ ਗਿਆ ਹੋਵੇ।

ਭਾਵੇਂ ਹਿਮਾਚਲ ਦਾ ਕਾਨੂੰਨ ਇੱਕ ਦਲੇਰੀ ਵਾਲਾ ਕਦਮ ਹੈ ਪਰ ਇੱਕ ਵਿਆਪਕ, ਰਾਸ਼ਟਰੀ ਪੱਧਰ ਦੀ ਇਕਸਾਰ ਪਹੁੰਚ ਨੂੰ ਉਡੀਕਣ ਦਾ ਵੀ ਆਪਣਾ ਮਹੱਤਵ ਹੈ। ਭਾਰਤ ਦੇ ਵੰਨ-ਸਵੰਨੇ ਸਮਾਜਿਕ ਭੂ-ਦ੍ਰਿਸ਼ ਦੇ ਮੱਦੇਨਜ਼ਰ ਇਸ ਤਰ੍ਹਾਂ ਦੇ ਵੱਡੇ ਬਦਲਾਅ ਨੂੰ ਲਾਗੂ ਕਰਨ ਲੱਗਿਆਂ ਪੇਚੀਦਗੀਆਂ ਨੂੰ ਧਿਆਨ ਵਿੱਚ ਰੱਖਣਾ ਬਹੁਤ ਜ਼ਰੂਰੀ ਹੈ।

ਧੋਖੇਬਾਜ਼ ਟਰੈਵਲ ਏਜੰਟ ਅਤੇ ਡੰਕੀ ਰੂਟ ਦੇ ਜੋਖ਼ਮ

ਸਮਾਣਾ ਦੇ ਚਾਰ ਨੌਜਵਾਨਾਂ ਨੇ ਹਰੇਕ ਪੰਜਾਬੀ ਨੂੰ ਦਿਲੋਂ ਬੇਨਤੀ ਕੀਤੀ ਹੈ ਕਿ ਉਹ ਪੱਛਮੀ ਮੁਲਕਾਂ ਨੂੰ ਜਾਣ ਲਈ ਕਦੇ ਵੀ ਨਾਜਾਇਜ਼ ਰਾਹ ਨਾ ਫੜਨ। ਇੱਕ ਵਾਰ ਦਾ ਡੰਗਿਆ, ਫੇਰ ਕਈ ਵਾਰ ਸੋਚਦਾ ਹੈ, ਦੀ ਇਹ ਇਕ ਕੌੜੀ ਉਦਾਹਰਨ ਹੈ। ਉਹ ਖ਼ੁਸ਼ਕਿਸਮਤ ਹਨ ਜੋ ਖ਼ਤਰਨਾਕ ਤੇ ਬਦਨਾਮ 'ਡੰਕੀ ਰੂਟ' ਵਿੱਚੋਂ ਬਚ ਨਿਕਲੇ ਹਨ। ਉਨ੍ਹਾਂ ਨੂੰ ਲੁੱਟ ਲਿਆ ਗਿਆ, ਕਈ ਦਿਨ ਉਹ ਭੁੱਖੇ ਰਹੇ ਤੇ ਨੰਗੇ ਪੈਰੀਂ ਮੀਲਾਂ ਤੱਕ ਚੱਲਦੇ ਰਹੇ। ਉਨ੍ਹਾਂ ਦੀ ਇਸ ਹੋਣੀ ਦਾ ਜ਼ਿੰਮੇਵਾਰ ਇੱਕ ਧੋਖੇਬਾਜ਼ ਟਰੈਵਲ ਏਜੰਟ ਹੈ ਜਿਸ ਨੇ ਉਨ੍ਹਾਂ ਨੂੰ ਅਮਰੀਕਾ ਦਾ ਵਰਕ ਪਰਮਿਟ (ਕੰਮ ਕਰਨ ਲਈ ਵੀਜ਼ਾ) ਲੈ ਕੇ ਦੇਣ ਦਾ ਭਰੋਸਾ ਦਿਵਾਇਆ ਸੀ। ਇਨ੍ਹਾਂ ਨੌਜਵਾਨਾਂ ਦੇ ਪਰਿਵਾਰਾਂ ਨੇ ਜ਼ਮੀਨ ਵੇਚ ਕੇ ਤੇ ਗਹਿਣੇ ਗਿਰਵੀ ਰੱਖ ਕੇ ਕਰੀਬ 35 ਲੱਖ ਰੁਪਏ ਇਕੱਠੇ ਕੀਤੇ ਸਨ। ਪਰ ਉਹ ਕਈ ਹਫ਼ਤਿਆਂ ਲਈ ਸਪੇਨ ਵਿਚ ਫਸੇ ਰਹੇ ਤੇ ਅਖੀਰ 'ਚ ਇੱਕ ਹੋਰ ਏਜੰਟ ਨੂੰ 25 ਲੱਖ ਰੁਪਏ ਹੋਰ ਦੇ ਕੇ ਕਿਸੇ ਤਰ੍ਹਾਂ ਅਮਰੀਕਾ ਪਹੁੰਚੇ।

ਇਹ ਕੋਈ ਨਵੀਂ ਕਹਾਣੀ ਨਹੀਂ ਹੈ ਤੇ ਵਾਰ-ਵਾਰ ਸੁਣਨ ਨੂੰ ਮਿਲਦੀ ਰਹਿੰਦੀ ਹੈ। ਲਾਚਾਰ ਪ੍ਰਵਾਸੀਆਂ ਵੱਲੋਂ ਆਪਣੀ ਕਿਸਮਤ ਨੂੰ ਆਖ਼ਰੀ ਸਿਰੇ ਤੱਕ ਅਜ਼ਮਾਉਣ ਦੀਆਂ ਕਈ ਖ਼ਬਰਾਂ ਸਾਹਮਣੇ ਆਉਣ ਦੇ ਬਾਵਜੂਦ ਵੀ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਇੱਥੇ ਦੋ ਅਹਿਮ ਸਵਾਲ ਹਨ: ਕੀ ਅਜਿਹੇ ਰਸਤਿਆਂ ਰਾਹੀਂ ਅਮਰੀਕਾ ਜਾਣ ਦਾ ਕੋਈ ਮੁੱਲ ਹੈ, ਜਿੱਥੇ ਤੁਹਾਡੀ ਆਪਣੀ ਜਾਨ ਹੀ ਜੋਖ਼ਿਮ ਵਿੱਚ ਹੋਵੇ ਤੇ ਜ਼ਿੰਦਗੀ ਭਰ ਦੀ ਪੂੰਜੀ ਵੀ ਖ਼ਰਚ ਹੋ ਜਾਵੇ? ਅਤੇ ਭਾਰਤ ਤੇ ਬਾਕੀ ਮੁਲਕ ਇਸ ਨਿਰੰਤਰ ਵਧ-ਫੁੱਲ ਰਹੇ ਰੈਕੇਟ 'ਤੇ ਸ਼ਿਕੰਜਾ ਕਸਣ ਲਈ ਕੀ ਕਰ ਰਹੇ ਹਨ? ਵੱਖ-ਵੱਖ ਮਹਾਦੀਪਾਂ ਦੇ ਮੁਲਕ ਜਦੋਂ ਤੱਕ ਰਲ ਕੇ ਪੂਰੇ ਤਾਲਮੇਲ ਨਾਲ ਕਾਰਵਾਈ ਨਹੀਂ ਕਰਦੇ, ਇਹ ਕੌਮਾਂਤਰੀ ਨੈੱਟਵਰਕ ਖ਼ਤਮ ਨਹੀਂ ਹੋ ਸਕੇਗਾ। ਇਹ ਰੈਕੇਟ ਚਲਾਉਣ ਵਾਲੇ ਹਰ ਜਗ੍ਹਾ ਬੈਠੇ ਹਨ- ਜੋ ਏਸ਼ੀਆ ਤੋਂ ਲੈ ਕੇ ਯੂਰਪ ਤੱਕ ਤੇ ਅੱਗੇ ਕੇਂਦਰੀ ਅਮਰੀਕਾ ਤੱਕ ਫੈਲੇ ਹੋਏ ਹਨ ਅਤੇ ਇਨ੍ਹਾਂ ਵਿੱਚੋਂ ਹਰ ਕੋਈ ਰਾਹ 'ਚ ਆਪਣਾ-ਆਪਣਾ ਹਿੱਸਾ ਵਸੂਲਦਾ ਹੈ।

ਇਸ ਤਰ੍ਹਾਂ ਦੀ ਹਰ ਘਟਨਾ ਤੋਂ ਬਾਅਦ ਹੋਣ ਵਾਲੀਆਂ ਗ੍ਰਿਫ਼ਤਾਰੀਆਂ ਨਾਲ ਇਸ ਅਲਾਮਤ ਨੂੰ ਨੱਥ ਨਹੀਂ ਪਏਗੀ। ਚੁਸਤ ਏਜੰਟ ਕੁਝ ਸਮੇਂ ਲਈ ਤਾਂ ਲੁੱਕ ਜਾਣਗੇ ਪਰ ਮਗਰੋਂ ਫੇਰ ਆਪਣੇ ਸ਼ੈਤਾਨੀ ਕਾਰੋਬਾਰ ਨੂੰ ਅੰਜਾਮ ਦੇਣਾ ਸ਼ੁਰੂ ਕਰ ਦੇਣਗੇ। ਇਸ ਤੋਂ ਇਲਾਵਾ ਗਲਤੀ ਉਨ੍ਹਾਂ ਦੀ ਵੀ ਹੈ ਜਿਹੜੇ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਜਾਣ ਦੀ ਕੋਸ਼ਿਸ਼ ਕਰਦੇ ਹਨ। ਇਸ ਲਈ ਇੱਕ ਜ਼ੋਰਦਾਰ ਜਨ ਜਾਗਰੂਕਤਾ ਮੁਹਿੰਮ ਦੀ ਬਹੁਤ ਲੋੜ ਜਿਸ ਰਾਹੀਂ ਵਿਦੇਸ਼ ਜਾਣ ਦੇ ਇੱਛੁਕ ਲੋਕਾਂ ਨੂੰ ਅਧਿਕਾਰਤ ਮਾਧਿਅਮਾਂ ਨੂੰ ਬਾਈਪਾਸ ਕਰਨ ਦੇ ਖ਼ਤਰੇ ਸਮਝਾਏ ਜਾ ਸਕਣ।

ਭਾਵੇਂ 'ਆਜਾ ਮੈਕਸੀਕੋ ਚੱਲੀਏ' ਤੇ 'ਡੰਕੀ' ਵਰਗੀਆਂ ਫਿਲਮਾਂ ਨੇ ਜਾਗਰੂਕ ਕਰਨ 'ਚ ਕੁਝ ਯੋਗਦਾਨ ਜ਼ਰੂਰ ਪਾਇਆ ਹੈ; ਪਰ ਇਸ ਲੜਾਈ ਨੂੰ ਇਕੱਠੇ ਹੋ ਕੇ ਲੜਨ ਦੀ ਜ਼ਿੰਮੇਵਾਰੀ ਵੱਖ-ਵੱਖ ਹਿੱਤਧਾਰਕਾਂ ਦੀ ਹੈ, ਤਾਂ ਹੀ ਇਸ ਸਮੱਸਿਆ ਨੂੰ ਕੁਝ ਠੱਲ੍ਹ ਪਏਗੀ।

ਮੂਨ ਲਾਈਟ ਪਬਲਿਕ ਸਕੂਲ ਹੇਡੋਂ ਬੇਟ ਨੇ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਮਾਰੀਆਂ ਮੱਲਾਂ

ਮਾਛੀਵਾੜਾ ਸਾਹਿਬ, 31 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-

ਮੂਨ ਲਾਈਟ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਹੈਡੋਂ ਬੇਟ ਦੀਆਂ ਰੱਸਾ ਕਸੀ ਟੀਮਾਂ ਅੰਡਰ 19 ਲੜਕੇ ਅਤੇ ਲੜਕੀਆਂ ਵੱਲੋਂ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਦੂਸਰਾ ਸਥਾਨ ਹਾਸਿਲ ਕੀਤਾ ਗਿਆ।

ਜ਼ਿਲ੍ਹਾ ਪੱਧਰੀ ਕੁਸ਼ਤੀ ਮੁਕਾਬਲਿਆਂ ਵਿੱਚੋਂ ਸਕੂਲ ਦੇ ਪਹਿਲਵਾਨ ਜਸਵਿੰਦਰ ਸਿੰਘ ਨੇ 48 ਕਿਲੋ ਵਰਗ ਵਿੱਚੋਂ ਤੀਸਰਾ ਸਥਾਨ ਹਾਸਿਲ ਕੀਤਾ ਸਕੂਲ ਪ੍ਰਿੰਸੀਪਲ ਸੁਰਜੀਤ ਸਿੰਘ ਬਾਜਵਾ ਵੱਲੋਂ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਪ੍ਰਾਪਤ ਦਰਜਾ ਕਰਨ ਵਾਲੇ ਖਿਡਾਰੀਆਂ ਅਤੇ ਡੀ.ਪੀ.ਈ. ਕਿਰਨਜੀਤ ਸਿੰਘ ਦੀ ਹੌਸਲਾ ਅਫਜ਼ਾਈ ਕੀਤੀ ਗਈ ਅਤੇ ਜਿੱਤ ਦੀਆਂ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਮੁਬਾਰਕਾਂ ਦਿੱਤੀਆਂ। ਉਨ੍ਹਾਂ ਕਿਹਾ ਸੰਸਥਾ ਭਵਿੱਖ ਵਿੱਚ ਵੀ ਵਿਦਿਆਰਥੀਆਂ ਨੂੰ ਪੜ੍ਹਾਈ ਅਤੇ ਖੇਡਾਂ ਦੇ ਖੇਤਰ ਵਿੱਚ ਵਧੀਆ ਕਾਰਗੁਜ਼ਾਰੀ ਵਿਖਾਉਣ ਲਈ ਪ੍ਰੇਰਿਤ ਕਰਦੀ ਰਹੇਗੀ।

ਸੰਵਿਧਾਨਕ ਨੈਤਿਕਤਾ ਦਾ ਸਤਿਕਾਰ ਕਿਉਂ ਜ਼ਰੂਰੀ ?

ਜਸਟਿਸ ਮਦਨ ਬੀ ਲੋਕੁਰ



ਕੀ ਸਾਡੇ ਸੰਵਿਧਾਨਕ ਅਦਾਰੇ ਸੰਵਿਧਾਨਕ ਨੈਤਿਕਤਾ ਵਿੱਚ ਵਿਸ਼ਵਾਸ ਰੱਖਦੇ ਹਨ? ਸ਼ਾਇਦ ਕੁਝ ਅਦਾਰੇ ਨਹੀਂ ਰੱਖਦੇ। ਵਾਰ ਵਾਰ ਸਾਨੂੰ ਇੱਕ ਸੰਵਿਧਾਨਕ ਅਦਾਰੇ ਦੇ ਇਸ਼ਾਰੇ 'ਤੇ ਕੁਝ ਅਣਕਿਆਸੇ ਅਤੇ ਅਜਬ ਵਰਤਾਰੇ ਦੇਖਣ ਨੂੰ ਮਿਲਦੇ ਹਨ। ਦਿੱਕਤ ਇਹ ਹੈ ਕਿ ਇਹੋ ਜਿਹੇ ਵਰਤਾਰੇ ਕਿਸੇ ਇੱਕ ਜਾਂ ਦੋ ਸੰਵਿਧਾਨਕ ਅਦਾਰਿਆਂ ਤੱਕ ਮਹਿਦੂਦ ਨਹੀਂ ਹਨ ਸਗੋਂ ਘੱਟ ਜਾਂ ਵੱਧ ਲਗਪਗ ਸਭ ਅਦਾਰਿਆਂ ਵਿੱਚ ਇਹੋ ਹਾਲ ਹੈ। ਸਵਾਲ ਇਹ ਹੈ ਕਿ ਇਨ੍ਹਾਂ ਨੂੰ ਕੌਣ ਸਲਾਹ ਦੇਵੇਗਾ? ਉਹ ਸੰਵਿਧਾਨ ਦੀ ਰੂਹ ਨੂੰ ਨੁਕਸਾਨ ਪਹੁੰਚਾਉਂਦੇ ਹਨ ਅਤੇ ਇੱਕ ਲੇਖੇ ਸਾਡੇ ਸੰਵਿਧਾਨ ਘਾੜਿਆਂ ਅਤੇ ਸਾਡੇ ਭਵਿੱਖੀ ਆਗੂਆਂ ਦੇ ਕਿਰਦਾਰ ਅਤੇ ਦਿਆਨਤਦਾਰੀ ਵਿੱਚ ਉਨ੍ਹਾਂ ਦੇ ਭਰੋਸੇ ਦੀ ਖਿੱਲੀ ਉਡਾਉਂਦੇ ਹਨ।

ਇਹ ਗੱਲ ਸਹੀ ਹੈ ਕਿ ਅਤੀਤ ਵਿੱਚ ਵੀ ਸਾਡੇ ਆਗੂ ਸੰਵਿਧਾਨ ਦੀ ਦੁਰਵਰਤੋਂ ਕਰਦੇ ਰਹੇ ਹਨ ਪਰ ਇਸ ਦੀ ਜਿਵੇਂ ਅੱਜ ਕੁਵਰਤੋਂ ਹੋ ਰਹੀ ਹੈ, ਉਸ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਕੋਈ ਬਵੰਡਰ ਪੈਦਾ ਕਰਨ ਦੀ ਬਜਾਇ ਇਸ ਨਿਘਾਰ ਦੇ ਸਿਲਸਿਲੇ ਨੂੰ ਠੱਲ੍ਹ ਪਾਈ ਜਾਵੇ। ਸੰਵਿਧਾਨਕ ਨੈਤਿਕਤਾ ਲਈ ਇੰਤਜ਼ਾਮੀਆ ਨੂੰ ਇਸ ਤੋਂ ਬਚਣ ਦੀ ਥਾਂ ਸਹੀ ਕੰਮ ਕਰਨ ਦੀ ਲੋੜ ਹੈ; ਇਸ ਲਈ ਇੰਤਜ਼ਾਮੀਆ ਨੂੰ ਕਾਨੂੰਨ ਦੇ ਰਾਜ ਨੂੰ ਤੋੜਨ ਮਰੋੜਨ ਦੀ ਬਜਾਇ ਇਸ ਦੀ ਪਾਲਣਾ ਕਰਨੀ ਪਵੇਗੀ; ਇਸ ਲਈ ਨਿਮਨਤਮ ਗੁਣਾਂਕ ਦੀ ਥਾਂ ਉੱਚ ਇਖਲਾਕੀ ਮਿਆਰਾਂ ਨੂੰ ਬਰਕਰਾਰ ਰੱਖਣਾ ਪਵੇਗਾ। ਆਓ, ਕੁਝ ਮਿਸਾਲਾਂ 'ਤੇ ਝਾਤ ਮਾਰੀਏ।

ਮਹਾਰਾਸ਼ਟਰ ਵਿੱਚ ਰਾਜ ਸਰਕਾਰ ਨੇ ਰਾਜਪਾਲ ਨੂੰ ਵਿਧਾਨ ਪਰਿਸ਼ਦ ਵਿੱਚ ਮੈਂਬਰ ਮਨੋਨੀਤ ਕਰਨ ਦੀ ਸਲਾਹ ਦਿੱਤੀ ਸੀ। ਸਰਕਾਰ ਨੇ ਅੱਠ ਮਹੀਨਿਆਂ ਤਕ ਇਸ 'ਤੇ ਕੋਈ ਵੀ ਕਾਰਵਾਈ ਨਾ ਕੀਤੀ ਭਾਵ ਨਾ ਇਸ ਨੂੰ ਰੱਦ ਕੀਤਾ ਅਤੇ ਨਾ ਹੀ ਪ੍ਰਵਾਨ ਕੀਤਾ। ਉਹ ਬਸ ਇਸ ਨੂੰ ਦੱਬ ਕੇ ਬੈਠ ਗਏ। ਇਸ 'ਤੇ ਬੰਬਈ ਹਾਈ ਕੋਰਟ ਵਿੱਚ ਇੱਕ ਜਨਹਿਤ ਪਟੀਸ਼ਨ ਦਾਇਰ ਹੋ ਗਈ। ਹਾਈ ਕੋਰਟ ਨੇ ਕੇਸ ਦਾ ਫ਼ੈਸਲਾ ਕਰਦਿਆਂ ਇੱਕ ਜਨਤਕ ਐਲਾਨ ਕੀਤਾ ਕਿ ਸੰਵਿਧਾਨ ਇਹ ਲਾਜ਼ਮੀ ਕਰਦਾ ਹੈ ਕਿ ਰਾਜਪਾਲ ਇਸ ਸਲਾਹ ਨੂੰ ਵਾਜਿਬ ਸਮੇਂ ਅੰਦਰ ਪ੍ਰਵਾਨ ਕਰੇ ਜਾਂ ਸਰਕਾਰ ਨੂੰ ਵਾਪਸ ਭਿਜਵਾਏ ਅਤੇ ਅੱਠ ਮਹੀਨਿਆਂ ਦਾ ਸਮਾਂ ਬਿਲਕੁਲ ਵੀ ਵਾਜਿਬ ਨਹੀਂ ਹੈ। ਇਹ ਵੀ ਤੈਅ ਕੀਤਾ ਗਿਆ ਕਿ ਸੰਵਿਧਾਨ ਵੱਲੋਂ ਤੈਅ ਕੀਤੇ ਉਦੇਸ਼ਾਂ ਦੀ ਪੂਰਤੀ ਲਈ ਇਹ ਮੁਨਾਸਿਬ ਹੋਵੇਗਾ ਕਿ ਇਹ ਫ਼ਰਜ਼ ਬਿਨਾਂ ਬੇਲੋੜੀ ਦੇਰੀ ਕੀਤਿਆਂ ਪੂਰਾ ਕੀਤਾ ਜਾਵੇ। ਅੰਦਾਜ਼ਾ ਲਾਓ ਕਿ ਕੀ ਹੋਇਆ ਹੋਵੇਗਾ? ਰਾਜਪਾਲ ਨੇ ਫਿਰ ਵੀ ਕੋਈ ਕਾਰਵਾਈ ਨਾ ਕੀਤੀ। ਕੀ ਇਹ ਸਹੀ ਹੈ? ਬਾਅਦ ਵਿੱਚ ਰਾਜ ਸਰਕਾਰ ਡਿੱਗ ਪਈ ਅਤੇ ਨਵੀਂ ਸਰਕਾਰ ਨੇ ਨਵੀਂ ਸਿਫ਼ਾਰਸ਼ ਕੀਤੀ ਜਿਸ ਨੂੰ ਰਾਜਪਾਲ ਨੇ ਝੱਟ ਪ੍ਰਵਾਨ ਕਰ ਲਿਆ। ਸੰਵਿਧਾਨਿਕ ਨੈਤਿਕਤਾ ਨੂੰ ਅਗਲਿਆਂ ਖਿੜਕੀ 'ਚੋਂ ਵਗਾਹ ਕੇ ਬਾਹਰ ਮਾਰਿਆ।

ਪਿਛਲੇ ਕੁਝ ਸਮਿਆਂ ਵਿੱਚ ਇਹੋ ਜਿਹੀਆਂ ਬਹੁਤ ਸਾਰੀਆਂ ਮਿਸਾਲਾਂ ਮਿਲਦੀਆਂ ਹਨ ਅਤੇ ਕੁਝ ਤਾਂ ਹਾਲੇ ਵੀ ਵਾਪਰ ਰਹੀਆਂ ਹਨ। ਸਾਡੇ ਕੁਝ ਰਾਜਪਾਲਾਂ ਨੇ ਸੂਬਾਈ ਵਿਧਾਨ ਸਭਾਵਾਂ ਵੱਲੋਂ ਪਾਸ ਕੀਤੇ ਬਿਲਾਂ ਨੂੰ ਦਿੱਤੀ ਜਾਣ ਵਾਲੀ ਸਹਿਮਤੀ ਵਿੱਚ ਦੇਰ ਕਰ ਦਿੱਤੀ; ਕੁਝ ਹੋਰਨਾਂ ਨੇ ਗ਼ੈਰਵਾਜਿਬ ਢੰਗ ਨਾਲ ਮਹੀਨਿਆਂ ਤੇ ਸਾਲਾਂਬੱਧੀਂ ਸਹਿਮਤੀ ਰੋਕ ਕੇ ਰੱਖੀ ਜਿਸ ਕਰ ਕੇ ਘੱਟੋ-ਘੱਟ ਦੋ ਸੂਬਾਈ ਸਰਕਾਰਾਂ ਨੂੰ ਅਜਿਹੇ ਮਾਮਲਿਆਂ ਵਿੱਚ ਰਾਜਪਾਲ ਦੀ ਸ਼ਕਤੀ ਦੀ ਵਿਆਖਿਆ ਕਰਨ ਲਈ ਸੁਪਰੀਮ ਕੋਰਟ ਤੱਕ ਪਹੁੰਚ ਕਰਨੀ ਪਈ।

ਵਿਧਾਨ ਸਭਾ ਦਾ ਸਪੀਕਰ ਵੀ ਇੱਕ ਸੰਵਿਧਾਨਕ ਅਥਾਰਿਟੀ ਹੁੰਦਾ ਹੈ ਅਤੇ ਮਨੀਪੁਰ ਵਿਧਾਨ ਸਭਾ ਦਾ ਸਪੀਕਰ ਵੱਲੋਂ ਸੰਵਿਧਾਨਕ ਨੈਤਿਕਤਾ ਨੂੰ ਕੋਈ ਮਹੱਤਤਾ ਨਹੀਂ ਦਿੱਤੀ ਜਾਂਦੀ। ਦਲਬਦਲੀ ਵਿਰੋਧੀ ਕਾਨੂੰਨ ਸੰਵਿਧਾਨ ਦੀ ਦਸਵੀਂ ਅਨੁਸੂਚੀ ਵਿੱਚ ਦਰਜ ਹੈ ਅਤੇ ਉਨ੍ਹਾਂ ਤਿੰਨ ਸਾਲਾਂ ਤੋਂ ਇਸ ਕਾਨੂੰਨ ਦੀ ਕਥਿਤ ਉਲੰਘਣਾ ਦੇ ਮਾਮਲਿਆਂ ਵੱਲ ਕੋਈ ਕਾਰਵਾਈ ਨਹੀਂ ਕੀਤੀ। ਜਿਨ੍ਹਾਂ ਬੰਦਿਆਂ ਖ਼ਿਲਾਫ਼ ਇਸ ਕਾਨੂੰਨ ਦੀ ਉਲੰਘਣਾ ਦੇ ਦੋਸ਼ ਹਨ ਉਨ੍ਹਾਂ 'ਚੋਂ ਇੱਕ ਕੈਬਨਿਟ ਮੰਤਰੀ ਹੈ। ਸਪੀਕਰ ਤੋਂ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਪਾਰਟੀ ਸਿਆਸਤ ਤੋਂ ਉਪਰ ਉਠ ਕੇ ਕੰਮ ਕਰੇਗਾ ਪਰ ਉਸ ਨੇ ਕੋਈ ਫ਼ੈਸਲਾ ਹੀ ਨਹੀਂ ਕੀਤਾ ਜਿਸ ਨਾਲ ਮੰਤਰੀ ਆਪਣੇ ਅਹੁਦੇ 'ਤੇ ਬਣਿਆ ਹੋਇਆ ਹੈ।

ਕੀ ਕੋਈ ਸਪੀਕਰ ਅਣਮਿੱਥੇ ਸਮੇਂ ਲਈ ਕਿਸੇ ਫ਼ੈਸਲੇ ਨੂੰ ਟਾਲ ਸਕਦਾ ਹੈ? ਸੁਪਰੀਮ ਕੋਰਟ ਨੇ ਇਸ ਦਾ ਜਵਾਬ ਨਾਂਹ ਵਿਚ ਦਿੱਤਾ ਹੈ ਅਤੇ

ਬੁੱਢੇ ਨਹੀਂ ਬਜ਼ੁਰਗ ਬਣੋ

• ਕੈਲਾਸ਼ ਚੰਦਰ ਸ਼ਰਮਾ
8054016816

ਮਨੁੱਖੀ ਮਨ 'ਚ ਅਕਸਰ ਵਿਕਾਰ ਪੁੰਗਰਦੇ ਹਨ ਜੋ ਉਸ ਦਾ ਵਿਕਾਸ ਨਹੀਂ ਹੋਣ ਦਿੰਦੇ। ਇਨ੍ਹਾਂ ਦਾ ਤਿਆਗ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਜੋ ਵਿਅਕਤੀ ਬੁਢਾਪੇ ਵਿਚ ਪਹੁੰਚ ਕੇ ਵੀ ਇਨ੍ਹਾਂ ਤੋਂ ਛੁਟਕਾਰਾ ਨਹੀਂ ਪਾ ਸਕਦੇ ਉਹ ਬੁੱਢੇ ਹੁੰਦੇ ਹਨ ਸਿਆਣੇ ਨਹੀਂ। ਅਜਿਹੇ ਵਿਅਕਤੀ ਆਪਣੇ ਜੀਆਂ ਵਿਚ ਵੀ ਵਿਸ਼ਵਾਸ ਦੀ ਗੰਢ ਨੂੰ ਮਜ਼ਬੂਤ ਨਹੀਂ ਰੱਖ ਸਕਦੇ।

ਜ਼ਿੰਦਗੀ ਦੇ ਉੱਚੇ ਨੀਵੇਂ ਧਰਾਤਲ ਨੂੰ ਤਹਿ ਕਰਦਿਆਂ, ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਕਾਫੀ ਹੱਦ ਤਕ ਸੁਰਖਰੂ ਹੋਣ ਤੋਂ ਬਾਅਦ, ਵਿਅਕਤੀ ਜੀਵਨ ਦੀ ਇਕ ਅਜਿਹੀ ਅਵਸਥਾ ਵਿਚ ਦਾਖ਼ਲ ਹੁੰਦਾ ਹੈ ਜਿੱਥੇ ਪਹੁੰਚ ਕੇ ਉਸ ਨੂੰ ਸਕੂਨ ਅਤੇ ਸੁਰੱਖਿਆ ਦੀ ਤਾਲਾਸ਼ ਹੁੰਦੀ ਹੈ। ਇਹ ਅਵਸਥਾ ਬੁਢਾਪੇ ਦੀ ਹੁੰਦੀ ਹੈ। ਅਕਸਰ ਇਹ ਸਮਝਿਆ ਜਾਂਦਾ ਹੈ ਕਿ ਇਸ ਅਵਸਥਾ ਵਿਚ ਪਹੁੰਚਦਿਆਂ ਵਿਅਕਤੀ ਕੋਲ ਜ਼ਿੰਦਗੀ ਦੇ ਤਜਰਬਿਆਂ ਦੀ ਕਾਫ਼ੀ ਪੂੰਜੀ ਜਮ੍ਹਾਂ ਹੋ ਜਾਣ ਕਾਰਨ ਉਹ ਵਧੇਰੇ ਸਹਿਣਸ਼ੀਲ, ਆਪਣੇ ਬੋਲਾਂ ਨਾਲ ਦੂਸਰਿਆਂ ਨੂੰ ਮਾਨਸਿਕ ਸਕੂਨ ਦੇਣ ਅਤੇ ਉਨ੍ਹਾਂ ਦੀ ਹਰ ਸਮੱਸਿਆ ਦਾ ਸਮਾਧਾਨ ਕਰਨ ਲਈ ਪਰਪੱਕ ਹ�ो ਜਾਂਦਾ ਹੈ।

ਬਜ਼ੁਰਗ ਅਤੇ ਬੁੱਢਾ, ਬੁਢਾਪੇ ਦੀ ਹੀ ਅਵਸਥਾ ਹੈ ਪਰ ਫਿਰ ਵੀ ਇਨ੍ਹਾਂ ਵਿਚ ਉਸੇ ਤਰ੍ਹਾਂ ਦਾ ਅੰਤਰ ਹੈ ਜਿਵੇਂ ਕਿਸੇ ਵਿਅਕਤੀ ਨੂੰ ਜਾਨਵਰ ਕਿਹਾ ਜਾਵੇ ਤਾਂ ਉਹ ਬੁਰਾ ਮਹਿਸੂਸ ਕਰਦਾ ਹੈ ਪਰ ਜੇ ਸ਼ੇਰ ਕਿਹਾ ਜਾਵੇ ਤਾਂ ਮੁਸਕਾਨ ਉਸ ਦੇ ਚਿਹਰੇ 'ਤੇ ਆਪਣੀ ਹੋਂਦ ਵਿਖਾ ਦਿੰਦੀ ਹੈ। ਵੇਖਣ ਵਿਚ ਅਕਸਰ ਆਉਂਦਾ ਹੈ ਕਿ ਕਈ ਵਿਅਕਤੀ ਇਸ ਅਵਸਥਾ ਤਕ ਪਹੁੰਚ ਕੇ ਵੀ ਆਪਣੇ ਨਿਭਾਏ ਜਾਣ ਵਾਲੇ ਕਿਰਦਾਰਾਂ ਤੋਂ ਜ਼ਿੰਮੇਵਾਰ ਦਿਖਾਈ ਨਹੀਂ ਦਿੰਦੇ। ਅਜਿਹੇ ਲੋਕਾਂ ਬਾਰੇ ਇਹੀ ਸੁਣਨ ਨੂੰ ਮਿਲਦਾ ਹੈ ਕਿ ਇਸ ਨੂੰ ਤਾਂ ਧੁੱਪੇ ਹੀ ਧੌਲੇ ਆਏ ਹਨ।

ਤਾਲਮੇਲ ਬਿਠਾਓ

ਬੁਢਾਪੇ ਦੀ ਅਵਸਥਾ ਵਿਚ ਵਿਅਕਤੀ ਨੂੰ ਬਜ਼ੁਰਗ ਕਹਿ ਕੇ ਸਤਿਕਾਰਿਆ ਜਾਂਦਾ ਹੈ ਪਰ ਜੋ ਵਿਅਕਤੀ ਇਸ ਅਵਸਥਾ ਵਿਚ ਨਿਭਾਏ ਜਾਣ ਵਾਲੇ ਕਿਰਦਾਰਾਂ ਦੀਆਂ ਨਿਸ਼ਾਨੀਆਂ ਤੋਂ ਵਾਂਝੇ ਰਹਿ ਜਾਂਦੇ ਹਨ, ਉਨ੍ਹਾਂ ਨੂੰ ਬੁੱਢੇ ਹੀ ਕਿਹਾ ਜਾਂਦਾ ਹੈ। ਅਜਿਹੇ ਬੁੱਢੇ ਲੋਕ ਇਸ ਉਮਰ ਵਿਚ ਵੀ ਆਪਣੇ ਪਰਿਵਾਰ ਦੇ ਜੀਆਂ ਨਾਲ ਤਾਲਮੇਲ ਬਣਾਉਣ ਵਿਚ ਅਸਮਰਥ ਹੁੰਦੇ ਹਨ ਜਿਸ ਕਰਕੇ ਉਨ੍ਹਾਂ ਦੀ ਜ਼ਿੰਦਗੀ ਨਰਕ ਬਣ ਜਾਂਦੀ ਹੈ। ਇਸ ਲਈ ਲੋੜ ਹੈ, ਇਸ ਅਵਸਥਾ ਵਿਚ ਬੱਚਿਆਂ ਦੀ ਸੋਚ ਦੇ ਹਾਣੀ ਬਣਦੇ ਹੋਏ, ਆਪਣੀਆਂ ਪ੍ਰਾਪਤੀਆਂ ਦਾ ਢੰਡੋਰਾ ਪਿੱਟਣ ਦੀ ਬਜਾਏ, ਬੱਚਿਆਂ ਦੀਆਂ ਤਰੱਕੀਆਂ 'ਤੇ ਖੁਸ਼ ਹੁੰਦੇ ਹੋਏ, ਉਨ੍ਹਾਂ ਨੂੰ ਉਤਸ਼ਾਹਿਤ ਕਰਨ ਦੀ ਤਾਂ ਹੀ ਬਜ਼ੁਰਗਾਂ ਵਾਲਾ ਸਤਿਕਾਰ ਪਾ ਸਕਦੇ ਹਾਂ।

ਗੁਣਾਂ ਦੇ ਸਹਾਰੇ ਹੀ ਵਿਅਕਤੀ ਸਫਲ ਹੋ ਸਕਦਾ ਹੈ। ਵਿਵੇਕ ਤੇ ਨਿਮਰਤਾ ਨਾਲ ਸਿਖ਼ਰ ਨੂੰ ਛੂਹ ਜਾਂਦਾ ਹੈ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਨਵੇਂ ਜ਼ਮਾਨੇ ਅਨੁਸਾਰ ਬੱਚਿਆਂ ਦੀ ਸਮਰਥਾ ਅਤੇ ਸਮਝ ਸਾਡੇ ਨਾਲੋਂ ਕਿਤੇ ਜ਼ਿਆਦਾ ਹੈ। ਖਾਹ-ਮਖਾਹ ਉਨ੍ਹਾਂ ਦੇ ਕੰਮਾਂ ਵਿਚ ਦਖ਼ਲ ਦੇਣ ਵਾਲੇ ਲੋਕ ਬੁੱਢੇ ਹੀ ਰਹਿ ਜਾਂਦੇ ਹਨ ਬਜ਼ੁਰਗ ਨਹੀਂ ਬਣਦੇ। ਬੱਚਿਆਂ ਨੂੰ ਆਪਣਾ ਜੀਵਨ ਜਿਊਣ ਦਿਓ ਅਤੇ ਤੁਸੀਂ ਆਪਣਾ ਜੀਵਨ ਜੀਓ ਤਾਂ ਹੀ ਬਜ਼ੁਰਗਾਂ ਵਾਲਾ ਸਤਿਕਾਰ ਮਿਲ ਸਕਦਾ ਹੈ।

ਵਿਕਾਰਾਂ ਤੋਂ ਪਾਓ ਛੁਟਕਾਰਾ

ਮਨੁੱਖੀ ਮਨ ਦੇ ਧਰਾਤਲ 'ਤੇ ਅਕਸਰ ਵਿਕਾਰ ਪੁੰਗਰਦੇ ਹਨ ਜੋ ਉਸ ਦਾ ਪੂਰਨ ਵਿਕਾਸ ਨਹੀਂ ਹੋਣ ਦਿੰਦੇ। ਇਨ੍ਹਾਂ ਦਾ ਤਿਆਗ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਜੋ ਵਿਅਕਤੀ ਬੁਢਾਪੇ ਦੀ ਅਵਸਥਾ ਵਿਚ ਪਹੁੰਚ ਕੇ ਵੀ ਇਨ੍ਹਾਂ ਤੋਂ ਛੁਟਕਾਰਾ ਨਹੀਂ ਪਾ ਸਕਦੇ ਉਹ ਬੁੱਢੇ ਹੀ ਹੁੰਦੇ ਹਨ। ਅਜਿਹੇ ਵਿਅਕਤੀ ਆਪਣੇ ਜੀਆਂ ਵਿਚ ਵੀ ਵਿਸ਼ਵਾਸ ਦੀ ਗੰਢ ਨੂੰ ਮਜ਼ਬੂਤ ਨਹੀਂ ਰੱਖ ਸਕਦੇ ਜੋ ਉਨ੍ਹਾਂ ਲਈ ਘਾਤਕ ਸਿੱਧ ਹੁੰਦਾ ਹੈ। ਅਜਿਹੇ ਵਿਅਕਤੀਆਂ ਦੇ ਮਨ ਵਿਚ ਅਜੇ ਵੀ ਇੰਨੀਆਂ ਉਮੀਦਾਂ ਪਲਦੀਆਂ ਰਹਿੰਦੀਆਂ ਹਨ ਕਿ ਉਹ ਇਕਾਗਰ ਹੋਣ ਵਿਚ ਨਾਕਾਮ ਰਹਿੰਦੇ ਹਨ ਜਿਸ ਕਰਕੇ ਪਰਿਵਾਰ ਦੇ ਜੀਆਂ ਦੀ ਆਲੋਚਨਾ ਅਤੇ ਨਿੰਦਾ ਕਰਦੇ ਰਹਿਣ ਕਾਰਨ ਬਣਦੇ ਸਨਮਾਨ ਤੋਂ ਵਾਂਝੇ ਰਹਿ ਜਾਂਦੇ ਹਨ। ਆਤਮ-ਸੰਜਮ ਦੀ ਕਮੀ ਕਾਰਨ ਆਪਣੀ ਪ੍ਰਤਿਭਾ ਗੁਆ ਬੈਠਦੇ ਹਨ ਅਤੇ ਨਦੀ ਦੇ ਵਗਦੇ ਵਹਾਅ ਦੀ ਤਰ੍ਹਾਂ ਇਸ ਅਵਸਥਾ ਵਿਚ ਵੀ ਅਨੇਕਾਂ ਔਕੜਾਂ ਦਾ ਸਾਹਮਣਾ ਕਰਦੇ ਰਹਿੰਦੇ ਹਨ। ਉਹ ਮਹਿਸੂਸ ਕਰਨ ਲੱਗ ਪੈਂਦੇ ਹਨ ਕਿ ਹੁਣ ਬੇਕਾਰ ਹੋ ਚੁੱਕੇ ਹਨ ਅਤੇ ਉਨ੍ਹਾਂ ਦਾ ਜੀਵਨ ਕਿਸੇ ਕੰਮ ਦਾ ਨਹੀਂ ਰਿਹਾ।

ਆਪਣੇ-ਆਪ ਨੂੰ ਦੂਜਿਆਂ ਤੋਂ ਵੱਧ ਸਿਆਣਾ ਅਤੇ ਦੂਜੇ ਨੂੰ ਹੀਣਾ ਸਮਝਦੇ ਹੋਏ ਪਰਿਵਾਰ ਦੇ ਜੀਆਂ ਅਤੇ ਰਿਸ਼ਤੇਦਾਰਾਂ ਦੀ ਬੁਰਿਆਈ ਕਹੀ ਜਾਣਾ ਉਨ੍ਹਾਂ ਨੂੰ ਬਜ਼ੁਰਗ ਨਹੀਂ ਬਣਨ ਦਿੰਦਾ। ਚੰਗੀ ਸੋਚ ਵਾਲੇ ਮਨੁੱਖ ਉਮਰ ਦੇ ਹਰ ਪੜਾਅ 'ਤੇ ਚੰਗਾ ਹੀ ਸੋਚਦੇ ਹਨ। ਸੰਜਮ, ਨਿਯਮ, ਸਬਰ-ਸੰਤੋਖ, ਸਕਾਰਾਤਮਕ ਸੋਚ ਅਤੇ ਮਨ ਨੂੰ ਨਿਯੰਤਰਣ ਕਰਨ ਵਾਲੇ ਵਿਅਕਤੀ ਬਜ਼ੁਰਗ ਹੁੰਦੇ ਹਨ। ਅਜਿਹੇ ਲੋਕਾਂ ਵਿਚ ਪਵਿੱਤਰਤਾ, ਦ੍ਰਿੜ੍ਹਤਾ ਅਤੇ ਉੱਦਮ ਵਾਲੇ ਗੁਣ ਕਦੇ ਵੀ ਆਪਣੀ ਹੋਂਦ ਨਹੀਂ ਗੁਆਉਂਦੇ। ਇਸੇ ਕਾਰਨ ਗੁੜ੍ਹ ਹਨੇਰਿਆਂ ਵਾਂਗ ਕਦੇ ਨਾ ਮੁੱਕਣ ਵਾਲੀ ਭਟਕਣ ਵੀ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦੀ।

ਚੁੱਪ ਹੈ ਖ਼ੁਸ਼ੀ ਦਾ ਰਾਜ਼

ਕਹਿੰਦੇ ਹਨ ਕਿ ਇਕ ਬਜ਼ੁਰਗ ਜੋੜਾ ਬੁਢਾਪੇ ਦੀ ਅਵਸਥਾ ਵਿਚ ਵੀ ਬਹੁਤ ਖ਼ੁਸ਼ ਰਹਿੰਦਾ ਸੀ। ਕਿਸੇ ਨਿਰਾਸ਼ ਰਹਿਣ ਵਾਲੇ ਬਜ਼ੁਰਗ ਨੇ ਉਨ੍ਹਾਂ ਕੋਲੋਂ ਖ਼ੁਸ਼ ਰਹਿਣ ਦਾ ਭੇਦ ਜਾਣਨਾ ਚਾਹਿਆ। ਬਜ਼ੁਰਗ ਨੇ ਉੱਤਰ ਦਿੱਤਾ ਕਿ ਜੀਵਨ ਦੇ ਇਸ ਮੋੜ 'ਤੇ ਇਕੋ ਨੀਤੀ ਅਪਣਾਈ ਹੈ ਕਿ ਦੂਜਿਆਂ ਤੋਂ ਜ਼ਿਆਦਾ ਆਸ ਨਾ ਰੱਖੋ ਅਤੇ ਜੋ ਮਿਲੇ ਉਸ ਵਿਚ ਸੰਤੁਸ਼ਟ ਰਹੋ। ਮੈਂ ਤੇ ਮੇਰੀ ਪਤਨੀ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਆਪਣੇ ਬੇਟਿਆਂ-ਨੂੰਹਾਂ ਨੂੰ ਸੌਂਪ ਕੇ ਬੇਫ਼ਿਕਰੀ ਨਾਲ ਰਹਿੰਦੇ ਹਾਂ। ਹੁਣ ਉਹ ਜੋ ਕਹਿੰਦੇ ਹਨ, ਉਹ ਅਸੀਂ ਕਰ ਦਿੰਦੇ ਹਾਂ ਅਤੇ ਜੋ ਕੁਝ ਵੀ ਖੁਆਉਂਦੇ ਹਨ, ਖਾ ਲੈਂਦੇ ਹਾਂ। ਆਪਣੇ ਪੋਤਰੇ-ਪੋਤਰੀਆਂ ਨਾਲ ਹੱਸਦੇ-ਖੇਡਦੇ ਰਹਿੰਦੇ ਹਾਂ।'

'ਸਾਡੇ ਬੱਚੇ ਜਦੋਂ ਕੋਈ ਭੁੱਲ ਕਰਦੇ ਹਨ ਤਾਂ ਵੀ ਅਸੀਂ ਚੁੱਪ ਰਹਿੰਦੇ ਹਾਂ। ਅਸੀਂ ਉਨ੍ਹਾਂ ਦੇ ਕਿਸੇ ਕੰਮ ਵਿਚ ਵੀ ਅੜਿਕਾ ਨਹੀਂ ਬਣਦੇ। ਜਦੋਂ ਕਦੇ ਉਹ ਸਾਡੇ ਕੋਲ ਸਲਾਹ-ਮਸ਼ਵਰੇ ਲਈ ਆਉਂਦੇ ਹਨ ਤਾਂ ਅਸੀਂ ਆਪਣੇ ਜੀਵਨ ਦੇ ਸਾਰੇ ਤਜਰਬੇ ਉਨ੍ਹਾਂ ਸਾਹਮਣੇ ਰੱਖਦਿਆਂ ਉਨ੍ਹਾਂ ਵੱਲੋਂ ਕੀਤੀ ਗਈ ਭੁੱਲ ਨਾਲ ਪੈਦਾ ਮਾੜੇ ਨਤੀਜਿਆਂ ਪ੍ਰਤੀ ਸੁਚੇਤ ਕਰ ਦਿੰਦੇ ਹਾਂ। ਹੁਣ ਉਹ ਸਾਡੀ ਸਲਾਹ 'ਤੇ ਕਿੰਨਾ ਅਮਲ ਕਰਦੇ ਹਨ ਜਾਂ ਨਹੀਂ ਕਰਦੇ ਉਹ ਦੇਖਣਾ ਅਤੇ ਆਪਣਾ ਮਨ ਦੁਖੀ ਕਰਨਾ ਸਾਡਾ ਕੰਮ ਨਹੀਂ। ਉਹ ਸਾਡੀਆਂ ਹਦਾਇਤਾਂ ਅਨੁਸਾਰ ਜ਼ਰੂਰ ਚੱਲਣ, ਇਹ ਸਾਡੀ ਇੱਛਾ ਨਹੀਂ ਹੁੰਦੀ। ਸਲਾਹ ਦੇਣ ਤੋਂ ਬਾਅਦ ਵੀ ਜੇ ਉਹ ਭੁੱਲ ਕਰਦੇ ਹਨ ਤਾਂ ਅਸੀਂ ਫ਼ਿਕਰ ਨਹੀਂ ਕਰਦੇ। ਉਸ 'ਤੇ ਵੀ ਜੇ ਉਹ ਮੁੜ ਸਾਡੇ ਕੋਲ ਆਉਂਦੇ ਹਨ ਤਾਂ ਅਸੀਂ ਫਿਰ ਨੇਕ ਸਲਾਹ ਦੇ ਕੇ ਉਨ੍ਹਾਂ ਨੂੰ ਵਿਦਾ ਕਰਦੇ ਹਾਂ। ਇਹੀ ਸਾਡੇ ਖ਼ੁਸ਼ ਰਹਿਣ ਦਾ ਕਾਰਨ ਹੈ।'

ਇਸ ਲਈ ਦੋਸਤੋ, ਬੁਢਾਪੇ ਦੀ ਅਵਸਥਾ ਵਿਚ ਪਹੁੰਚ ਕੇ ਆਪਣੇ-ਆਪ ਨੂੰ ਖੁਸ਼ ਰੱਖਣ, ਪਰਿਵਾਰ ਵਿਚ ਰਾਤ ਦੀ ਰਾਣੀ ਵਾਂਗ ਮਹਿਕਾਂ ਖਿਲਾਰਣ ਅਤੇ ਆਨੰਦਿਤ ਰਹਿਣ ਲਈ, ਆਪਣੇ ਵਿਚ ਲੋੜੀਂਦੀਆਂ ਤਬਦੀਲੀਆਂ ਲਿਆ ਕੇ ਬਜ਼ੁਰਗ ਅਖਵਾਈਏ, ਬੁੱਢੇ ਨਹੀਂ। •

ਜੜ੍ਹਾਂ ਨਾਲ ਜੁੜੇ ਰਹੋ

ਆਪਣੀ ਸ਼ਖ਼ਸੀਅਤ ਵਿਚ ਗਹਿਰਾਈ ਅਤੇ ਵਿਚਾਰਾਂ ਵਿਚ ਸ਼ੁੱਧਤਾ ਬਣਾਈ ਰੱਖੋ। ਕਦੇ ਵੀ ਆਪਣੀਆਂ ਜੜ੍ਹਾਂ ਨਾਲੋਂ ਨਾ ਟੁੱਟੋ। ਇਨਸਾਨ ਉਦੋਂ ਬੁਰੀ ਤਰ੍ਹਾਂ ਹਾਰ ਜਾਂਦਾ ਹੈ ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਜਿਨ੍ਹਾਂ ਨੂੰ ਤੁਸੀਂ ਸਭ ਕੁਝ ਮੰਨਦੇ ਹੋ ਉਨ੍ਹਾਂ ਲਈ ਤੁਸੀਂ ਕੁਝ ਵੀ ਨਹੀਂ ਹੋ। ਜੇ ਆਪਣਿਆਂ ਦੇ ਨਜ਼ਦੀਕ ਰਹਿਣਾ ਹੈ ਤਾਂ ਖ਼ਾਮੋਸ਼ ਰਹੋ ਅਤੇ ਜੇ ਆਪਣਿਆਂ ਨੂੰ ਨਜ਼ਦੀਕ ਰੱਖਣਾ ਹੈ ਤਾਂ ਕੋਈ ਵੀ ਗੱਲ ਦਿਲ 'ਤੇ ਨਾ ਲਗਾਓ। ਹਾਸਾ ਤਣਾਅ ਨੂੰ ਖ਼ਤਮ ਕਰਦਾ ਹੈ ਅਤੇ ਮੁਸਕਾਨ ਨਾਲ ਖ਼ੁਸ਼ੀ ਮਿਲਦੀ ਹੈ। ਸੋ ਇਸ ਅਵਸਥਾ ਵਿਚ ਖ਼ੁਸ਼ ਰਹਿਣ ਦੀ ਆਦਤ ਪਾ ਲਓ। ਸਿਆਣੇ ਕਹਿੰਦੇ ਹਨ ਕਿ "ਖ਼ੁਸ਼ੀ ਦੇ ਵਿਚਾਰ ਉਨ੍ਹਾਂ ਤਰੇਲ ਦੀਆਂ ਬੂੰਦਾਂ ਵਰਗੇ ਹੁੰਦੇ ਹਨ ਜੋ ਸਾਡੇ ਤਣਾਅ ਨੂੰ ਖ਼ਤਮ ਕਰਦੇ ਹੋਏ ਦੁੱਖਾਂ ਨੂੰ ਧੋ ਦਿੰਦੇ ਹਨ।" ਇਸ ਲਈ ਖ਼ੁਸ਼ ਰਹਿਣਾ ਸਿੱਖੋ।

ਬਣੋ ਰਾਹ ਦਸੇਰੇ

ਜ਼ਿੰਦਗੀ ਦੀ ਤ੍ਰਾਸਦੀ ਹੈ ਕਿ ਅਸੀਂ ਬੁੱਢੇ ਜਲਦੀ ਹੋ ਜਾਂਦੇ ਹਾਂ ਪਰ ਸਿਆਣੇ ਦੇਰ ਨਾਲ ਬਣਦੇ ਹਾਂ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਮਨੁੱਖ ਦੇ ਦੁੱਖਾਂ-ਸੁੱਖਾਂ ਦੀ ਸਾਥੀ ਉਸ ਦੀ ਆਪਣੀ ਔਲਾਦ ਹੀ ਹੁੰਦੀ ਹੈ ਅਤੇ ਸਾਡਾ ਕੰਮ ਉਨ੍ਹਾਂ ਲਈ ਰਾਹ ਦਸੇਰਾ ਬਣਨਾ ਹੈ। ਮੋਮਬੱਤੀ ਕਦੇ ਵੀ ਨਹੀਂ ਬੋਲਦੀ ਪਰ ਉਸ ਦੀ ਰੋਸ਼ਨੀ ਹੀ ਉਸ ਦੀ ਪਛਾਣ ਦੱਸ ਦਿੰਦੀ ਹੈ। ਇਸੇ ਤਰ੍ਹਾਂ ਚੁੱਪ ਰਹਿ ਕੇ ਆਪਣੇ ਵਿਵਹਾਰ ਰਾਹੀਂ ਹੀ ਆਪਣੇ ਬਜ਼ੁਰਗ ਹੋਣ ਦਾ ਅਹਿਸਾਸ ਦੂਜਿਆਂ ਤਕ ਜਾਣ ਦਿਓ। ਦੂਜਿਆਂ ਵੱਲੋਂ ਕੀਤੀ ਕੇਅਰ ਨੂੰ ਖ਼ੁਲ੍ਹਦਿਲੀ ਨਾਲ ਪ੍ਰਵਾਨ ਕਰਦੇ ਹੋਏ ਉਨ੍ਹਾਂ ਦੀ ਪ੍ਰਸ਼ੰਸਾ ਕਰੋ। ਆਪਣੀ ਆਲੋਚਨਾ ਸੁਣ ਕੇ ਕਦੇ ਨਾ ਭੜਕੋ ਬਲਕਿ ਬਰਦਾਸ਼ਤ ਕਰੋ। ਦੋਗਲਾਪਣ ਨਾ ਰੱਖੋ। ਇਸ ਨਾਲ ਸ਼ਾਂਤੀ ਅਤੇ ਅੰਦਰੂਨੀ ਤਾਲਮੇਲ ਰੱਖਣਾ ਮੁਸ਼ਕਲ ਹੋ ਜਾਂਦਾ ਹੈ ਜਿਸ ਕਾਰਨ ਨਿਰਾਸ਼ਾ ਮਿਲਦੀ ਹੈ। ਇਸ ਅਵਸਥਾ ਵਿਚ ਖ਼ੁਦ ਦੇ ਆਚਰਣ ਰਾਹੀਂ ਸਮਾਜ ਵਿਚ ਇਮਾਨਦਾਰੀ, ਨਿਯਮ-ਪਾਲਣ ਅਤੇ ਕਦਰਾਂ-ਕੀਮਤਾਂ ਸਥਾਪਤ ਕਰਨ ਦੀ ਕੋਸ਼ਿਸ਼ ਕਰੋ। ਨਿਮਰ ਬਣ ਕੇ ਰਹੋ। ਚੰਗਾ ਯਾਦ ਰੱਖੋ ਅਤੇ ਬੁਰਾ ਭੁੱਲ ਜਾਓ। ਦੂਸਰੇ ਕਿਸੇ ਵੀ ਨਜ਼ਰੀਏ ਨਾਲ ਵੇਖਦੇ ਹੋਣ, ਆਪਣੀ ਜ਼ਿੰਦਗੀ ਨੂੰ ਇਸ ਤਰ੍ਹਾਂ ਜੀਓ ਕਿ ਉਨ੍ਹਾਂ 'ਤੇ ਪ੍ਰਭਾਵ ਪਾਇਆ ਜਾ ਸਕੇ।

ਜੋ ਬੀਤ ਗਿਆ ਉਹ ਵਾਪਸ ਨਹੀਂ ਆਉਣਾ। ਇਸ ਲਈ ਸਾਨੂੰ ਹਰ ਪਲ ਨੂੰ ਖ਼ੁਲ੍ਹ ਕੇ ਜਿਊਣਾ ਚਾਹੀਦਾ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇ ਰਿਣਾਤਮਕ ਸੋਚਣੀ ਨੂੰ ਤਿਆਗ ਕੇ ਸਕਾਰਾਤਮਿਕਤਾ ਗ੍ਰਹਿਣ ਕਰੀਏ...

ਆਓ ਭੁੱਲਣ ਦੀ ਕਲਾ ਸਿੱਖੀਏ

ਜ਼ਿੰਦਗੀ ਬਹੁਤ ਖ਼ੂਬਸੂਰਤ ਗੁਲਦਸਤਾ ਹੈ। ਪਰ ਅਸੀਂ ਇਸ ਗੁਲਦਸਤੇ ਨੂੰ ਕੰਡਿਆਂ ਨਾਲ ਭਾਵ ਕੁਝ ਅਜਿਹੀਆਂ ਯਾਦਾਂ ਨਾਲ ਸਜਾ ਕੇ ਰੱਖਿਆ ਹੋਇਆ ਹੈ ਜੋ ਜ਼ਿੰਦਗੀ ਨੂੰ ਨੀਰਸ ਤੇ ਬਦ-ਅਸੀਸ ਬਣਾ ਰਹੀਆਂ ਹਨ। ਇਸ ਦਾ ਇਕ ਹੋਰ ਕਾਰਨ ਇਹ ਵੀ ਹੈ ਕਿ ਲੋਕ ਉਨਾਂ ਘਟਨਾਵਾਂ ਤੇ ਅਨੁਭਵਾਂ ਨੂੰ ਯਾਦ ਕਰਨਾ ਪੰਸਦ ਨਹੀਂ ਕਰ ਰਹੇ ਜਿਨ੍ਹਾਂ ਦੁਆਰਾ ਜੀਵਨ ਨੂੰ ਖ਼ੁਸ਼ਹਾਲ ਤੇ ਆਨੰਦਤ ਬਣਾਇਆ ਜਾ ਸਕੇ, ਬਲਕਿ ਉਨ੍ਹਾਂ ਪਲਾਂ ਨੂੰ ਯਾਦ ਕਰਦੇ ਹਨ ਜਿਸ ਨਾਲ ਤੁਸੀਂ ਆਪ ਤਾਂ ਦੁੱਖ ਵਿਚ ਹੁੰਦੇ ਹੀ ਹੋ ਨਾਲ ਦੂਜਿਆਂ ਨੂੰ ਵੀ ਉਸ ਵਿਚ ਧਕੇਲਣ ਦੀ ਕੋਸ਼ਿਸ਼ ਕਰਦੇ ਹੋ। ਅਜਿਹੀ ਸੋਚਣੀ ਦੇ ਮਾਲਕ ਲੋਕ ਕਦੇ ਵੀ ਪ੍ਰੰਸਨਤਾ ਪ੍ਰਾਪਤ ਨਹੀਂ ਕਰ ਸਕਦੇ। ਬੁਰੇ ਸਮੇਂ ਦੇ ਭੱਦੇ ਖ਼ਿਆਲਾਂ ਨੂੰ ਫੜ ਕੇ ਬੈਠੇ ਰਹਿਣਾ ਹੀ ਸਭ ਤੋਂ ਵੱਡੀ ਤ੍ਰਾਸਦੀ ਦਾ ਕਾਰਨ ਬਣ ਜਾਂਦੀ ਹੈ। ਮਨੁੱਖ ਅੱਜ ਕੈਦੀ ਬਣਿਆ ਹੋਏ ਹੈ ਆਪਣੇ ਖ਼ੁਆਬਾਂ ਤੇ ਖਵਾਹੀਸ਼ਾਂ ਦਾ ਪਰ ਜੇ ਇਹ ਸਾਰਥਿਕ ਨਹੀਂ ਤਾਂ ਉਨ੍ਹਾਂ ਨੂੰ ਆਪਣੀਆਂ ਯਾਦਾਂ 'ਚੋਂ ਬਾਹਰ ਕੱਢ ਕੇ ਨਵੇਂ ਦੀ ਤਲਾਸ਼ ਕਰਨੀ ਚਾਹੀਦੀ ਹੈ। ਮਨੁੱਖ ਗ਼ਲਤੀਆਂ ਦਾ ਪੁਤਲਾ ਹੈ ਤੇ ਗ਼ਲਤੀ ਹੋ ਜਾਣਾ ਕੁਦਰਤੀ ਵੀ ਹੈ ਤੇ ਜੋ ਉਸ ਗ਼ਲਤੀ ਨੂੰ ਮੰਨ ਕੇ, ਉਸ ਨੂੰ ਸੁਧਾਰ ਲੈਂਦੇ ਹਨ ਸਫਲਤਾ ਉਨਾਂ ਦੇ ਹੀ ਕਦਮ ਚੁੰਮਦੀ ਹੈ। ਸਮਝਦਾਰੀ ਵੀ ਇਸੇ ਵਿਚ ਹੈ ਕਿ ਪ੍ਰਾਪਤ ਹੋਏ ਅਨੁਭਵ ਨੂੰ ਪੱਲੇ ਬੰਨ੍ਹ ਕੇ ਸਹੀ ਚੋਣ ਦੀ ਸੋਝੀ ਦਾ ਪ੍ਰਾਪਤ ਹੋਣਾ ਹੈ ਨਾ ਕਿ ਉਸ ਗ਼ਲਤੀ ਨੂੰ ਦੁਹਰਾ ਕੇ ਬੇਵਕੂਫ਼ੀ ਕਰਨਾ। ਇਸ ਤਰ੍ਹਾਂ ਤੁਸੀਂ ਜਦੋਂ ਕੁਝ ਬੁਰਾ ਭੁੱਲਣਾ ਸ਼ੁਰੂ ਕਰਦੇ ਹੋ ਤਾਂ ਉਸ ਨਾਲ ਆਪਣੇ ਤੇ ਦੂਜਿਆਂ ਨੂੰ ਵੀ ਸੁੱਖਮਈ ਜੀਵਨ ਜਿਊਣ ਦਾ ਮੌਕਾ ਦਿੰਦੇ ਹੋ।

ਸਾਡੇ ਨੇਤਾ ਹੀ ਦੇਖ ਲੋ ਜੋ ਕਿ ਆਏ ਦਿਨ ਪ੍ਰਚਾਰ ਤੰਤਰ ਦੇ ਨਾਂ 'ਤੇ ਭੜਕਾਊ ਭਾਸ਼ਣ ਦਿੰਦੇ ਹਨ। ਜਿਸ ਨਾਲ ਬੀਤੀਆਂ ਸੰਪ੍ਰਦਾਇਕ ਘਟਨਾਵਾਂ ਨੂੰ ਮੁੜ-ਮੁੜ ਕੇ ਤਾਜ਼ਾ ਕੀਤਾ ਜਾਂਦਾ ਹੈ ਤੇ ਦੇਸ਼ ਵਿਚ ਅਰਾਜਕਤਾ ਦਾ ਮਾਹੌਲ ਪੈਦਾ ਕਰ ਦਿੱਤਾ ਜਾਂਦਾ ਹੈ। ਜੇਕਰ ਨੇਤਾ ਬੀਤੀਆਂ ਘਟਨਾਵਾਂ ਨੂੰ ਭੁੱਲਾ ਕੇ ਨ

ਡਿਪਟੀ ਕਮਿਸ਼ਨਰ ਨੇ ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ 3 ਅਧੀਨ ਮੁਕਾਬਲਿਆਂ ਲਈ ਅਧਿਕਾਰੀਆਂ ਨੂੰ ਪੁਖਤਾ ਪ੍ਰਬੰਧ ਯਕੀਨੀ ਕਰਨ ਦੀ ਹਦਾਇਤ

ਰੂਪਨਗਰ, 31 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬ ਸਰਕਾਰ ਖੇਡਾਂ ਵਤਨ ਪੰਜਾਬ ਦੀਆਂ ਸੀਜਨ-3 ਨੂੰ ਕਰਵਾਉਣ ਲਈ ਪ੍ਰੋਗਰਾਮ ਜਾਰੀ ਕੀਤਾ ਗਿਆ ਹੈ ਜਿਸ ਸਬੰਧ ਵਿਚ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਮੇਟੀ ਰੂਮ ਵਿਚ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਇੱਕ ਉੱਚ ਪੱਧਰੀ ਮੀਟਿੰਗ ਕੀਤੀ ਜਿਸ ਵਿਚ ਉਨ੍ਹਾਂ ਨੇ ਖੇਡ ਮੁਕਾਬਲਿਆਂ ਨੂੰ ਬਿਹਤਰ ਢੰਗ ਨਾਲ ਕਰਵਾਉਣ ਲਈ ਅਧਿਕਾਰੀਆਂ ਨੂੰ ਪੁੱਖਤਾ ਪ੍ਰਬੰਧ ਕਰਨ ਲਈ ਹਦਾਇਤ ਜਾਰੀ ਕੀਤੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਨੌਜਵਾਨਾਂ ਨੂੰ ਖੇਡ ਸੱਭਿਆਚਾਰ ਨਾਲ ਜੋੜਨ ਲਈ ਸੂਬਾ ਸਰਕਾਰ ਵਲੋਂ ਹਰ ਪੱਧਰ ਉਤੇ ਯਤਨ ਕੀਤੇ ਜਾ ਰਹੇ ਹਨ ਜਿਸ ਅਧੀਨ ਜ਼ਿਲ੍ਹਾ ਰੂਪਨਗਰ ਵਿਚ 2 ਸਤੰਬਰ ਤੋਂ 10 ਸਤੰਬਰ ਤੱਕ ਬਲਾਕ ਪੱਧਰੀ ਮੁਕਾਬਲੇ ਕਰਵਾਏ ਜਾ ਰਹੇ ਹਨ ਜਿਸ ਨੂੰ ਲੈ ਕੇ ਖਿਡਾਰੀਆਂ ਵਿਚ ਪੂਰਾ ਉਤਸ਼ਾਹ ਪਾਇਆ ਜਾ ਰਿਹਾ ਹੈ।

ਮੀਟਿੰਗ ਦੌਰਾਨ ਡਾ. ਪ੍ਰੀਤੀ ਯਾਦਵ ਨੇ ਖੇਡਾਂ ਦੀਆਂ ਤਿਆਰੀਆਂ ਸਬੰਧੀ ਵੱਖ-ਵੱਖ ਖੇਡਾਂ ਦੇ ਕਨਵੀਨਰਾਂ, ਅਧਿਆਪਕਾਂ, ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨਾਲ ਮੀਟਿੰਗ ਕਰਦੇ ਹੋਏ ਵਿਭਾਗਾਂ ਨਾਲ ਮੁਕਾਬਲਿਆਂ ਦੇ ਆਯੋਜਨ ਸਬੰਧੀ ਡਿਊਟੀਆਂ ਲਗਾਈਆਂ ਅਤੇ ਖਾਸ ਤੌਰ ਉਤੇ ਕਿਹਾ ਕਿ ਖਿਡਾਰੀਆਂ ਨੂੰ ਖੇਡ ਮੁਕਾਬਲਿਆਂ ਦੌਰਾਨ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਇਨ੍ਹਾਂ ਬਲਾਕਾਂ ਵਿੱਚ ਕਰਵਾਈਆਂ ਜਾ ਰਹੀਆਂ ਖੇਡਾਂ ਅਥਲੈਟਿਕ, ਫੁਟਬਾਲ, ਵਾਲੀਬਾਲ ਸ਼ਾਮੈਸਿੰਗ, ਵਾਲੀਬਾਲ ਸ਼ੂਟਿੰਗ , ਖੋ-ਖੋ,ਕਬੱਡੀ ਸਰਕਲ ਸਟਾਈਲ ਅਤੇ ਕਬੱਡੀ ਨੈਸ਼ਨਲ ਲੜਕੇ -ਲੜਕੀਆਂ ਅਤੇ ਮੇਲ-ਫੀਮੇਲ ਏਜ ਗਰੁੱਪ ਅੰਡਰ 14, 17, 21, 21-30, 31-40, 41-50, 51-60, 61-70 ਅਤੇ 70 ਸਾਲ ਤੋਂ ਵੱਧ ਉਮਰ ਵਰਗਾ ਵਿੱਚ ਕਰਵਾਈਆਂ ਜਾ ਰਹੀਆਂ ਹਨ। ਇਹਨਾਂ ਖੇਡਾਂ ਵਿੱਚ ਭਾਗ ਲੈਣ ਲਈ ਖਿਡਾਰੀਆਂ ਨੂੰ https//eservices.punjab.gov.in ਲਿੰਕ ਉਤੇ ਅਪਲਾਈ ਕਰ ਸਕਦੇ ਹਨ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਪੂਜਾ ਸਿਆਲ ਗਰੇਵਾਲ, ਵਧੀਕ ਡਿਪਟੀ ਕਮਿਸ਼ਨਰ (ਵ) ਸੰਜੀਵ ਕੁਮਾਰ, ਐਸ.ਪੀ ਹੈੱਡਕੁਆਟਰ ਰਾਜਪਾਲ ਸਿੰਘ ਹੁੰਦਲ, ਸਹਾਇਕ ਕਮਿਸ਼ਨਰ ਜ ਅਰਵਿੰਦਪਾਲ ਸਿੰਘ ਸੋਮਲ, ਐਸ.ਡੀ.ਐਮ ਰੂਪਨਗਰ ਨਵਦੀਪ ਕੁਮਾਰ, ਐਸ.ਡੀ.ਐਮ ਸ਼੍ਰੀ ਚਮਕੌਰ ਸਾਹਿਬ ਅਮਰੀਕ ਸਿੰਘ, ਐਸ.ਡੀ.ਐਮ ਸ਼੍ਰੀ ਅਨੰਦਪੁਰ ਸਾਹਿਬ ਰਾਜਪਾਲ ਸਿੰਘ ਸੇਖੋਂ, ਜ਼ਿਲ੍ਹਾ ਖੇਡ ਅਫਸਰ ਜਗਜੀਵਨ ਸਿੰਘ, ਉਪ ਜ਼ਿਲ੍ਹਾ ਸਿੱਖਿਆ ਅਫਸਰ ਰੰਜਨਾ ਕਤਿਆਲ ਅਤੇ ਵੱਖ-ਵੱਖ ਸੀਨੀਅਰ ਅਧਿਕਾਰੀ ਹਾਜ਼ਰ ਸਨ।

ਵਿਕਾਸ ਕਾਰਜਾਂ ਨੂੰ ਲੈ ਕੇ ਡਿਪਟੀ ਕਮਿਸਨਰ ਪਠਾਨਕੋਟ ਨੇ ਕੀਤੀ ਰੀਵਿਓ ਮੀਟਿੰਗ

ਪਠਾਨਕੋਟ, 31 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਜਿਲ੍ਹਾ ਪਠਾਨਕੋਟ ਦੇ ਹਰੇਕ ਬਲਾਕ ਅੰਦਰ ਇੱਕ ਇੱਕ ਥਾਪਰ ਮਾਡਲ ਪਾਉਂਡ ਤਿਆਰ ਕੀਤਾ ਜਾਣਾ ਹੈ ਤਾਂ ਜੋ ਪਿੰਡ ਦੇ ਨਿਕਾਸੀ ਪਾਣੀ ਨੂੰ ਫਿਲਟਰ ਕਰਕੇ ਖੇਤੀ ਕਾਰਜਾਂ ਵਿੱਚ ਪ੍ਰਯੋਗ ਕੀਤਾ ਜਾ ਸਕੇ। ਇਹ ਪ੍ਰਗਟਾਵਾ ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ ਨੇ ਅੱਜ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜਿਲ੍ਹਾ ਪਠਾਨਕੋਟ ਅੰਦਰ ਕੀਤੇ ਜਾ ਰਹੇ ਵਿਕਾਸ ਕਾਰਜਾਂ ਦਾ ਰੀਵਿਓ ਕਰਦਿਆਂ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਨਾਵਾ ਸਰਵਸ੍ਰੀ ਮਹੇਸ ਕੁਮਾਰ ਐਕਸੀਅਨ ਵਾਟਰ ਸਪਲਾਈ ਤੇ ਸੈਨੀਟੇਸਨ, ਯੁਧਵੀਰ ਸਿੰਘ ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਪਠਾਨਕੋਟ, ਜਿਲ੍ਹਾ ਪਠਾਨਕੋਟ ਦੇ ਵੱਖ ਵੱਖ ਬਲਾਕਾਂ ਦੇ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਅਤੇ ਹੋਰ ਸਬੰਧਤ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ ਵੀ ਹਾਜਰ ਸਨ।ਮੀਟਿੰਗ ਨੂੰ ਸੰਬੋਧਤ ਕਰਦਿਆਂ ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ ਨੇ ਕਿਹਾ ਕਿ ਲੋਕਾਂ ਨੂੰ ਪਿੰਡਾਂ ਦੇ ਅੰਦਰ ਵਧੀਆ ਵਾਤਾਵਰਣ ਮਿਲ ਸਕੇ ਇਸ ਉਦੇਸ ਦੇ ਨਾਲ ਜਿਲ੍ਹਾ ਪਠਾਨਕੋਟ ਦੇ ਹਰੇਕ ਬਲਾਕ ਅੰਦਰ ਇੱਕ ਥਾਪਰ ਮਾਡਲ ਪਾਉਂਡ ਬਣਾਇਆ ਜਾਣਾ ਹੈ ਤਾਂ ਜੋ ਪਿੰਡਾਂ ਦੇ ਨਿਕਾਸੀ ਪਾਣੀ ਨੂੰ ਫਿਲਟਰ ਕਰਕੇ ਖੇਤੀ ਕਾਰਜਾਂ ਵਿੱਚ ਪ੍ਰਯੋਗ ਕੀਤਾ ਜਾ ਸਕੇ। ਉਨ੍ਹਾਂ ਬਲਾਕ ਵਿਕਾਸ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਅਪਣੇ ਅਪਣੇ ਬਲਾਕ ਅੰਦਰ ਥਾਪਰ ਮਾਡਲ ਪਾਉਂਡ ਦੇ ਨਿਯਮਾਂ ਨੂੰ ਧਿਆਨ ਵਿੱਚ ਰੱਖਕੇ ਪਿੰਡਾਂ ਦੀ ਚੋਣ ਕੀਤੀ ਜਾਵੇ ਅਤੇ ਹਰੇਕ ਪਿੰਡ ਅੰਦਰ ਬਣਾਏ ਜਾਣ ਵਾਲੇ ਮਾਡਲ ਦੀ ਅਨੁਮਾਨਤ ਰਾਸੀ ਦੀ ਰਿਪੋਰਟ ਬਣਾ ਕੇ ਦਿੱਤੀ ਜਾਵੇ ਤਾਂ ਜੋ ਸਮੇਂ ਰਹਿੰਦਿਆਂ ਕਾਰਜ ਸ਼ੁਰੂ ਕਰਵਾਇਆ ਜਾ ਸਕੇ ।

ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਹਰੇਕ ਬਲਾਕ ਅੰਦਰ ਜਿਨ੍ਹਾਂ ਪਿੰਡਾਂ ਅੰਦਰ ਖੇਡ ਸਟੇਡੀਅਮ ਦੀ ਲੋੜ ਹੈ ਉਨ੍ਹਾਂ ਦੀ ਰਿਪੋਰਟ ਵੀ ਬਣਾ ਕੇ ਤਿਆਰ ਕਰਕੇ ਦਿੱਤੀ ਜਾਵੈ, ਤਾਂ ਜੋ ਨੋਜਵਾਨ ਪੀੜੀ ਨੂੰ ਖੇਡਾਂ ਪ੍ਰਤੀ ਜਾਗਰੂਕ ਕੀਤਾ ਜਾ ਸਕੇ। ਉਨ੍ਹਾਂ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਧਾਰਕਲ੍ਹਾ ਨੂੰ ਹਦਾਇਤ ਕਰਦਿਆਂ ਕਿਹਾ ਕਿ ਸਾਹਪੁਰਕੰਡੀ ਵਿਖੇ ਖੇਡ ਗਰਾਉਂਡ ਦੀ ਚਾਰਦੀਵਾਰੀ ਦੇ ਲਈ ਅਨੁਮਾਨਤ ਖਰਚ ਦੀ ਰਿਪੋਰਟ ਤਿਆਰ ਕੀਤੀ ਜਾਵੈ ਤਾਂ ਜੋ ਸਮੇਂ ਰਹਿੰਦਿਆਂ ਖੇਡ ਗਰਾਉਂਡ ਦੀ ਚਾਰਦੀਵਾਰੀ ਬਣਾਈ ਜਾ ਸਕੇ। ਉਨ੍ਹਾਂ ਸਾਰੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਜਿਲ੍ਹਾ ਅੰਦਰ ਵਿਕਾਸ ਕਾਰਜਾਂ ਵਿੱਚ ਤੇਜੀ ਲਿਆਂਦੀ ਜਾਵੈ ਤਾਂ ਜੋ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਜਨਹਿੱਤ ਯੋਜਨਾਵਾਂ ਦਾ ਲਾਭ ਲੋਕਾਂ ਤੱਕ ਪਹੁੰਚ ਸਕੇ।

ਬਲਟਾਣਾ ਪੁਲੀਸ ਨੇ ਹਰਮਿਲਾਪ ਨਗਰ ਵਿੱਚ ਠੇਕਾ ਲੁੱਟਣ ਦੇ ਮਾਮਲੇ ਵਿੱਚ ਦੋ ਬਦਮਾਸ਼ਾਂ ਨੂੰ ਕੀਤਾ ਗਿਰਫ਼ਤਾਰ

ਜ਼ੀਰਕਪੁਰ, 31 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੁਲੀਸ ਨੇ ਲੰਘੇ ਦਿਨੀਂ ਬਲਟਾਣਾ ਦੇ ਹਰਮਿਲਾਪ ਨਗਰ ਵਿਖੇ ਗੋਲੀ ਚਲਾ ਕੇ ਕਰਿੰਦੇ ਨੂੰ ਜ਼ਖ਼ਮੀ ਕਰ ਸ਼ਰਾਬ ਦਾ ਠੇਕਾ ਲੁੱਟਣ ਦੇ ਮਾਮਲੇ ਵਿੱਚ ਦੋ ਜਣਿਆਂ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਮੁਲਜ਼ਮਾਂ ਦੀ ਪਛਾਣ ਰਾਜੀਵ ਕੁਮਾਰ ਉਰਫ਼ ਬਕਰੀ ਅਤੇ ਮੁਕੇਸ਼ ਕੁਮਾਰ ਉਰਫ਼ ਗੁਰੀਲਾ ਹਾਲ ਵਾਸੀ ਅਭੈਪੁਰ ਪੰਚਕੂਲਾ ਦੇ ਰੂਪ ਵਿੱਚ ਹੋਈ ਹੈ।

ਮਾਮਲੇ ਦੀ ਜਾਣਕਾਰੀ ਦਿੰਦਿਆਂ ਬਲਟਾਣਾ ਚੌਕੀ ਇੰਚਾਰਜ ਅਜੈ ਕੁਮਾਰ ਨੇ ਦੱਸਿਆ ਕਿ ਲੰਘੀ 17 ਅਤੇ 18 ਦੀ ਦਰਮਿਆਨੀ ਰਾਤ ਨੂੰ ਕੁਝ ਹਥਿਆਰਬੰਦ ਲੁੱਟੇਰਿਆਂ ਨੇ ਹਰਮਿਲਾਪ ਨਗਰ ਸ਼ਰਾਬ ਦੇ ਠੇਕੇ ਵਿੱਚ ਵੜ੍ਹਕੇ ਕੇ ਉਥੇ ਮੌਜੂਦ ਕਰਿੰਦੇ ਨੂੰ ਚਾਕੂ ਅਤੇ ਗੋਲੀ ਮਾਰ ਕੇ ਜ਼ਖ਼ਮੀ ਕਰ ਹਜ਼ਾਰਾਂ ਰੁਪਏ ਦੀ ਨਕਦੀ ਲੁੱਟ ਕੇ ਫ਼ਰਾਰ ਹੋ ਗਏ ਸੀ। ਇਸ ਦੌਰਾਨ ਉਥੇ ਹਾਜ਼ਰ ਕਰਿੰਦਾ ਜ਼ਖ਼ਮੀ ਹੋ ਗਿਆ ਸੀ ਜਿਸ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ। ਜ਼ਖ਼ਮੀ ਕਰਿੰਦੇ ਦੇ ਬਿਆਨ 'ਤੇ ਪੁਲੀਸ ਨੇ ਅਣਪਛਾਤੇ ਦੋਸ਼ੀਆਂ ਖ਼ਿਲਾਫ਼ ਲੁੱਟ ਖੋਹ ਦਾ ਕੇਸ ਦਰਜ ਕਰ ਅਗਲੀ ਕਾਰਵਾਈ ਸ਼ੁਰੂ ਕੀਤੀ ਸੀ।

ਉਨ੍ਹਾਂ ਨੇ ਦੱਸਿਆ ਕਿ ਜਾਂਚ ਦੌਰਾਨ ਸਾਹਮਣੇ ਆਇਆ ਕਿ ਇਸ ਵਾਰਦਾਤ ਨੂੰ ਛੇਂ ਬਦਮਾਸ਼ਾਂ ਨੇ ਅੰਜਾਮ ਦਿੱਤਾ ਸੀ ਜਿਨ੍ਹਾਂ ਵਿੱਚੋਂ ਚਾਰ ਜਣੇ ਠੇਕੇ ਦੇ ਅੰਦਰ ਵੜੇ ਸੀ। ਇਨ੍ਹਾਂ ਵਿੱਚੋਂ ਕਾਬੂ ਕੀਤੇ ਦੋਸ਼ੀ ਰਾਜੀਵ ਕੁਮਾਰ ਨੇ ਗੋਲੀ ਚਲਾਈ ਸੀ ਜਿਸ ਵਿੱਚ ਕਰਿੰਦਾ ਜ਼ਖ਼ਮੀ ਹੋ ਗਿਆ ਸੀ।

ਜਦਕਿ ਦੂਜਾ ਦੋਸ਼ੀ ਇਕ ਹੋਰ ਸਾਥੀ ਨਾਲ ਬਾਹਰ ਖੜ੍ਹਾ ਸੀ। ਉਨ੍ਹਾਂ ਨੇ ਕਿਹਾ ਕਿ ਸਾਰੇ ਦੋਸ਼ੀ 19 ਤੋਂ 22 ਸਾਲ ਦੇ ਵਿਚਕਾਰ ਉਮਰ ਦੇ ਹਨ ਜੋ ਵੱਖ ਵੱਖ ਵਿਆਹ ਸ਼ਾਦੀਆਂ ਵਿੱਚ ਵੇਟਰ ਦਾ ਕੰਮ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਛੇਂ ਜਣਿਆਂ ਵੱਲੋਂ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਸੀ ਜਿਨ੍ਹਾਂ ਵਿੱਚੋਂ ਦੋ ਫੜ ਲਏ ਗਏ ਹਨ ਜਦਕਿ ਚਾਰ ਹੋਰ ਫ਼ਰਾਰ ਚਲ ਰਹੇ ਹਨ ਜਿਨ੍ਹਾਂ ਦੀ ਪਛਾਣ ਹੋ ਗਈ ਹੈ 'ਤੇ ਛੇਤੀ ਕਾਬੂ ਕਰ ਲਿਆ ਜਾਏਗਾ ।

ਪੁਲੀਸ ਨੇ ਮੁਲਜ਼ਮਾਂ ਤੋਂ ਇਕ ਦੇਸ਼ੀ ਕੱਟਾ ਅਤੇ ਤਿੰਨ ਜਿੰਦਾ ਕਾਰਤੂਸ ਬਰਾਮਦ ਹੋਏ ਹਨ। ਮੁਲਜ਼ਮ ਰਾਜੀਵ ਨੇ ਬਰਾਮਦ ਹੋਏ ਇਸੇ ਦੋਸ਼ੀ ਕੱਟੇ ਨਾਲ ਕਰਿੰਦੇ 'ਤੇ ਫਾਇਰ ਕਰ ਜ਼ਖ਼ਮੀ ਕੀਤਾ ਹੈ।

ਜ਼ਿਲ੍ਹਾ ਪ੍ਰਸ਼ਾਸਨ ਨੇ ਡੇਰਾ ਬਾਬਾ ਨਾਨਕ ਵਿਖੇ ਲੜਕੀਆਂ ਲਈ ਰੋਜ਼ਗਾਰ ਤੇ ਸਵੈ-ਰੋਜ਼ਗਾਰ ਮੇਲਾ ਲਗਾਇਆ

ਗੁਰਦਾਸਪੁਰ, 31 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਸ੍ਰੀ ਉਮਾ ਸ਼ੰਕਰ ਗੁਪਤਾ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਲਈ ਅੱਜ ਡੇਰਾ ਬਾਬਾ ਨਾਨਕ ਵਿਖੇ ਵਿਸ਼ੇਸ਼ ਰੋਜ਼ਗਾਰ ਤੇ ਸਵੈ-ਰੋਜ਼ਗਾਰ ਮੇਲਾ ਲਗਾਇਆ ਗਿਆ। ਇਸ ਰੋਜ਼ਗਾਰ ਮੇਲੇ ਵਿੱਚ 465 ਲੜਕੀਆਂ ਨੇ ਭਾਗ ਲਿਆ ਜਿਨ੍ਹਾਂ ਵਿੱਚੋਂ 356 ਲੜਕੀਆਂ ਦੀ ਵੱਖ-ਵੱਖ ਕੰਪਨੀਆਂ ਵੱਲੋਂ ਨੌਕਰੀ ਲਈ ਚੋਣ ਕੀਤੀ ਗਈ।

ਜ਼ਿਲ੍ਹਾ ਰੋਜ਼ਗਾਰ ਅਫ਼ਸਰ ਸ੍ਰੀ ਪਰਸ਼ੋਤਮ ਸਿੰਘ ਨੇ ਦੱਸਿਆ ਕਿ ਰੋਜ਼ਗਾਰ ਤੇ ਸਵੈ-ਰੋਜ਼ਗਾਰ ਮੇਲੇ ਦੌਰਾਨ ਰੈਕਸਾ ਸਕਿਉਰਿਟੀ, ਸਿਵਫਟ ਸਕਿਉਰਿਟੀ, ਕੇ.ਵੀ. ਇੰਟਰਪਰਾਈਜ਼ਰ, ਨੈੱਟ ਸਪਾਟ ਸਰਵਿਸ ਪ੍ਰਾਈਵੇਟ ਲਿਮਟਿਡ, ਏਅਰਟੈੱਲ, ਆਈ.ਸੀ.ਆਈ.ਸੀ, ਐੱਸ.ਟੀ. ਕੋਟੈਕਸ ਐਕਸਪੋਰਟ, ਐੱਲ.ਆਈ.ਸੀ, ਐੱਸ.ਬੀ.ਆਈ. ਇੰਸ਼ੋਰੈਂਸ, ਐੱਚ.ਐੱਸ.ਬੀ.ਸੀ, ਬਜਾਜ ਫਾਈਨੈਂਸ, ਪੁਖਰਾਜ ਹਰਬਲ ਅਤੇ ਐਜੀਲਾ ਹਰਬਲ ਸਮੇਤ ਵੱਖ-ਵੱਖ ਕੰਪਨੀਆਂ ਵੱਲੋਂ ਭਾਗ ਲਿਆ ਗਿਆ ਅਤੇ ਲੜਕੀਆਂ ਦੀ ਨੌਕਰੀ ਲਈ ਚੋਣ ਕੀਤੀ ਗਈ। ਉਨ੍ਹਾਂ ਕਿਹਾ ਕਿ ਚੁਣੇ ਗਏ ਪ੍ਰਾਰਥੀਆਂ ਨੂੰ ਵੱਖ-ਵੱਖ ਕੰਪਨੀਆਂ ਵੱਲੋਂ ਯੋਗਤਾ ਅਨੁਸਾਰ 10,000 ਤੋਂ 15,000 ਰੁਪਏ ਤੱਕ ਦਾ ਸੈਲਰੀ ਪੈਕੇਜ ਦਿੱਤਾ ਜਾਵੇਗਾ।ਰੋਜ਼ਗਾਰ ਤੇ ਸਵੈ-ਰੋਜ਼ਗਾਰ ਮੇਲੇ ਦੌਰਾਨ ਵੱਖ-ਵੱਖ ਸਰਕਾਰੀ ਵਿਭਾਗਾਂ ਵੱਲੋਂ ਸਟਾਲ ਲਗਾ ਕੇ ਲੜਕੀਆਂ ਨੂੰ ਸਵੈ-ਰੁਜ਼ਗਾਰ ਸ਼ੁਰੂ ਕਰਨ ਲਈ ਸਰਕਾਰ ਵੱਲੋਂ ਦਿੱਤੀ ਜਾ ਰਹੀ ਵਿੱਤੀ ਸਹਾਇਤਾ ਬਾਰੇ ਦੱਸਿਆ ਗਿਆ। ਲੜਕੀਆਂ ਨੂੰ ਪ੍ਰਧਾਨ ਮੰਤਰੀ ਸਵੈ-ਰੁਜ਼ਗਾਰ ਯੋਜਨਾ, ਸਟਾਰਟ ਅੱਪ ਇੰਡੀਆ, ਮੇਕ ਇਨ ਇੰਡੀਆ ਸਮੇਤ ਸਵੈ-ਰੁਜ਼ਗਾਰ ਦੀਆਂ ਹੋਰ ਸਕੀਮਾਂ ਬਾਰੇ ਜਾਣਕਾਰੀ ਦੇਣ ਦੇ ਨਾਲ ਸਵੈ-ਰੁਜ਼ਗਾਰ ਲਈ ਲੜਕੀਆਂ ਦੇ ਨਾਮ ਦਰਜ ਕੀਤੇ ਗਏ।

ਇਸ ਮੌਕੇ ਉੱਘੇ ਜਨਤਕ ਆਗੂ ਅਤੇ ਸੀਨੀਅਰ ਵਾਈਸ ਚੇਅਰਮੈਨ ਸ. ਗੁਰਦੀਪ ਸਿੰਘ ਰੰਧਾਵਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਅਤੇ ਉਨ੍ਹਾਂ ਨੌਕਰੀ ਲਈ ਚੁਣੀਆਂ ਗਈਆਂ ਲੜਕੀਆਂ ਨੂੰ ਆਫ਼ਰ ਲੈਟਰ ਤਕਸੀਮ ਕੀਤੇ। ਸ. ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਸੂਬੇ ਦੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਨਾਲ ਸਵੈ-ਰੁਜ਼ਗਾਰ ਸ਼ੁਰੂ ਕਰਨ ਦੇ ਵੱਧ ਤੋਂ ਵੱਧ ਮੌਕੇ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਵਿੱਚ ਹੀ ਰੁਜ਼ਗਾਰ ਦੇ ਮੌਕੇ ਮਿਲਣ ਕਾਰਨ ਨੌਜਵਾਨਾਂ ਦਾ ਵਿਦੇਸ਼ ਜਾਣ ਦਾ ਰੁਝਾਨ ਘੱਟ ਹੋਇਆ ਹੈ। ਉਨ੍ਹਾਂ ਕਿਹਾ ਕਿ ਅੱਜ ਡੇਰਾ ਬਾਬਾ ਨਾਨਕ ਵਿਖੇ ਲੜਕੀਆਂ ਲਈ ਲਗਾਇਆ ਗਿਆ ਇਹ ਰੁਜ਼ਗਾਰ ਤੇ ਸਵੈ-ਰੁਜ਼ਗਾਰ ਕੈਂਪ ਬਹੁਤ ਵਧੀਆ ਉਪਰਾਲਾ ਹੈ।

ਭਾਰਤੀ ਕਿਸਾਨ ਯੂਨੀਅਨ ਪੁਆਧ ਨੇ ਭਾਜਪਾ ਸੰਸਦ ਕੰਗਨਾ ਰਣੌਤ ਦਾ ਪੁਤਲਾ ਫੂਕਿਆ

ਜ਼ੀਰਕਪੁਰ, 31 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਕਿਸਾਨ ਯੂਨੀਅਨ ਪੁਆਧ ਨੇ ਬਾਲੀਵੁੱਡ ਅਭਿਨੇਤਰੀ ਅਤੇ ਭਾਜਪਾ ਸੰਸਦ ਕੰਗਨਾ ਰਣੌਤ ਦੇ ਕਿਸਾਨਾਂ ਬਾਰੇ ਵਿਵਾਦਤ ਬਿਆਨ ਦੇ ਖਿਲਾਫ ਮੰਗਲਵਾਰ ਨੂੰ ਜ਼ੀਰਕਪੁਰ ਪਟਿਆਲਾ ਚੌਕ ਵਿੱਚ ਪੁਤਲਾ ਫੂਕ ਕੇ ਰੋਸ ਪ੍ਰਗਟ ਕੀਤਾ। ਕਿਸਾਨ ਯੂਨੀਅਨ ਨੇ ਇਸ ਮੌਕੇ ਕੰਗਣਾ ਦੀ ਮੈਂਬਰਸ਼ਿਪ ਰੱਦ ਕਰਨ ਦੀ ਵੀ ਮੰਗ ਵੀ ਕੀਤੀ। ਕਿਸਾਨਾਂ ਮੁਤਾਬਕ ਕੰਗਨਾ ਦਾ ਕਿਸਾਨਾਂ ਬਾਰੇ ਵਿਵਾਦਤ ਬਿਆਨ ਦੇਣ ਦਾ ਇਤਿਹਾਸ ਰਿਹਾ ਹੈ ਅਤੇ ਉਸ ਦਾ ਹਾਲੀਆ ਬਿਆਨ ਸਵੀਕਾਰਤਾ ਦੀ ਹੱਦ ਨੂੰ ਪਾਰ ਕਰ ਗਿਆ ਹੈ। ਪੁਤਲਾ ਸਾੜਨਾ ਅਭਿਨੇਤਰੀ ਪ੍ਰਤੀ ਉਨ੍ਹਾਂ ਦੇ ਗੁੱਸੇ ਅਤੇ ਨਿਰਾਸ਼ਾ ਦਾ ਪ੍ਰਤੀਕ ਹੈ। ਆਗੂਆਂ ਨੇ ਇਹ ਵੀ ਕਿਹਾ ਕਿ ਉਹ ਕਿਸਾਨ ਭਾਈਚਾਰੇ, ਜੋ ਸਾਡੇ ਦੇਸ਼ ਦੀ ਰੀੜ੍ਹ ਦੀ ਹੱਡੀ ਹਨ, ਪ੍ਰਤੀ ਕਿਸੇ ਵੀ ਤਰ੍ਹਾਂ ਦੀ ਨਿਰਾਦਰੀ ਬਰਦਾਸ਼ਤ ਨਹੀਂ ਕਰਨਗੇ। ਕਿਸਾਨਾਂ ਨੇ ਕਿਹਾ, ÷ਕਿਸਾਨਾਂ ਬਾਰੇ ਕੰਗਨਾ ਦਾ ਬਿਆਨ ਨਾ ਸਿਰਫ ਅਸਵੀਕਾਰਨਯੋਗ ਹੈ, ਬਲਕਿ ਕਿਸਾਨ ਭਾਈਚਾਰੇ ਨੂੰ ਦਰ

ਵੋਟਰ ਵੈਰਿਫਿਕੇਸ਼ਨ ਹਿੱਤ ਬੀ.ਐਲ.ਓਜ ਵਲੋਂ ਕੀਤਾ ਜਾਵੇਗਾ ਡੋਰ-ਟੂ-ਡੋਰ ਸਰਵੇ

ਪਠਾਨਕੋਟ, 31 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਅਦਿੱਤਿਆ ਉੱਪਲ (ਆਈ.ਏ.ਐਸ.)ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਪਠਾਨਕੋਟ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਨਵੀ ਦਿੱਲੀ ਜੀ ਵੱਲੋਂ ਯੋਗਤਾ ਮਿਤੀ 01 ਜਨਵਰੀ 2025 ਦੇ ਅਧਾਰ ਤੇ ਫੋਟੋ ਵੋਟਰ ਸੂਚੀ ਦੀ ਵਿਸ਼ੇਸ਼ ਸਰਸਰੀ ਸੁਧਾਈ ਦਾ ਸ਼ਡਿਊਲ ਜਾਰੀ ਕੀਤਾ ਗਿਆ ਹੈ, ਜਿਸ ਅਨੁਸਾਰ ਪ੍ਰੀ-ਰਵੀਜਨ ਗਤੀਵਿਧੀਆਂ ਤਹਿਤ ਜ਼ਿਲ੍ਹੇ ਵਿਚਲੇ ਸਮੁੱਚੇ ਤਿੰਨਾਂ ਵਿਧਾਨ ਸਭਾ ਚੋਣ ਹਲਕਿਆਂ (001-ਸੁਜਾਨਪੁਰ, 002-ਭੋਆ (ਅ.ਜ), 003-ਪਠਾਨਕੋਟ) ਵਿੱਚ 20/08/24 ਤੋਂ ਲੈ ਕੇ 20/09/2024 ਤੱਕ ਬੀ.ਐਲ.ਓਜ. ਦੁਆਰਾ ਮੋਜੂਦਾ ਵੋਟਰ ਸੂਚੀ ਵਿੱਚ ਦਰਜ ਵੋਟਰਾਂ ਦੇ ਵੇਰਵਿਆਂ ਦੀ ਵੈਰੀਫਿਕੇਸ਼ਨ ਕਰਨ ਹਿੱਤ ਡੋਰ-ਟੂ-ਡੋਰ ਸਰਵੇ ਕੀਤਾ ਜਾਵੇਗਾ। ਡੋਰ-ਟੂ-ਡੋਰ ਸਰਵੇ ਦੌਰਾਨ ਬੀ.ਐਲ.ਓਜ. ਵੱਲੋਂ ਜਿਥੇ ਵੋਟਰਾਂ ਦੀ ਬੀਐਲਓ ਐਪ ਰਾਹੀਂ ਆਨਲਾਈਨ ਵੋਟਰ ਵੈਰੀਫਿਕੇਸ਼ਨ ਕੀਤੀ ਜਾਵੇਗੀ। ਉੱਥੇ ਹੀ ਮਿਤੀ 01 ਜਨਵਰੀ 2025 ਨੂੰ 18 ਸਾਲ ਦੀ ਉਮਰ ਪੁਰੀ ਕਰ ਚੁੱਕੇ ਯੋਗ ਬਿਨੇਕਾਰਾ ਦੀ ਵੋਟਰ ਰਜਿਸਟ੍ਰੇਸ਼ਨ ਸਬੰਧੀ ਫਾਰਮ ਨੰ.6 ਵੀ ਇਕੱਤਰ ਕੀਤੇ ਜਾਣਗੇ। ਇਸ ਤੋਂ ਇਲਾਵਾ 17 ਤੋਂ 18 ਸਾਲ ਦੀ ਉਮਰ ਦੇ ਯੋਗ ਬਿਨੈਕਾਰਾਂ ਦੀ ਵੋਟਰ ਰਜਿਸਟ੍ਰੇਸ਼ਨ ਲਈ ਉਹਨਾਂ ਦੇ ਵੇਰਵੇ ਅਡਵਾਂਸ ਵਿੱਚ ਹੀ ਇਕੱਤਰ ਕੀਤੇ ਜਾਣਗੇ।

ਡਿਪਟੀ ਕਮਿਸ਼ਨਰ ਪਠਾਨਕੋਟ ਨੇ ਜ਼ਿਲ੍ਹੇ ਦੇ ਸਮੁੱਚੇ ਵੋਟਰਾਂ/ਵਿਅਕਤੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਬੀ.ਐਲ.ਓਜ ਦੁਆਰਾ ਵੋਟਰ ਵੈਰੀਫਿਕੇਸ਼ਨ ਕਰਨ ਲਈ ਕੀਤੇ ਜਾਣ ਵਾਲੇ ਡੋਰ-ਟੂ-ਡੋਰ ਸਰਵੇ ਦੋਰਾਨ ਉਨ੍ਹਾਂ ਨੂੰ ਆਪਣਾ ਪੂਰਣ ਸਹਿਯੋਗ ਦਿੱਤਾ ਜਾਵੇ। ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਜੀ ਵੱਲੋਂ ਜ਼ਿਲ੍ਹੇ ਦੀਆਂ ਸਮੂਹ ਰਾਜਨੀਤਿਕ ਪਾਰਟੀਆਂ ਦੇ ਪ੍ਰਧਾਨਾਂ/ਸਕੱਤਰਾਂ, ਕਲੱਬਾਂ, ਵਾਰਡ ਸੁਸਾਈਟੀਜ, ਐਨ.ਜੀ.ਓਜ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਭਾਰਤ ਚੋਣ ਕਮਿਸ਼ਨ ਜੀ ਵਲੋਂ ਯੋਗਤਾ ਮਿਤੀ 01/01/2025 ਦੇ ਅਧਾਰ ਤੇ ਵੋਟਰ ਸੂਚੀ ਦੀ ਵਿਸ਼ੇਸ਼ ਸਰਸਰੀ ਸੁਧਾਈ ਦੇ ਸਬੰਧ ਵਿੱਚ ਕਰਵਾਈਆਂ ਜਾ ਰਹੀਂ ਪ੍ਰੀ-ਰਵੀਜਨ ਗਤੀਵਿਧੀਆਂ (ਡੋਰ-ਟੂ-ਡੋਰ ਸਰਵੇ) ਵਿੱਚ ਜ਼ਿਲ੍ਹਾ ਪ੍ਰਸ਼ਾਸ਼ਨ, ਬੀ.ਐਲ.ਓਜ. ਸੁਪਰਵਾਈਜਰ, ਸਵੀਪ ਨੋਡਲ ਅਫਸਰਾਂ, ਸਕੂਲਾਂ ਕਾਲਜਾਂ ਦੇ ਨੋਡਲ ਅਫ਼ਸਰਾਂ/ਕੈਂਪਸ ਅੰਬੇਸਡਰਾਂ ਈ.ਐਲ .ਸੀ ਕਲੱਬਾਂ, ਚੁਨਾਵ ਪਾਠਸ਼ਾਲਾ ਅਤੇ ਵੋਟਰ ਜਾਗਰੂਕਤਾ ਮੰਚ ਦੇ ਇੰਚਾਰਜਾਂ ਨੂੰ ਆਪਣਾ ਵੱਧ ਤੋਂ ਵੱਧ ਸਹਿਯੋਗ ਦੇਣ ਤਾਂ ਜੋ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵੋਟਰ ਸੂਚੀਆਂ ਵਿੱਚ ਵੱਧ ਤੋਂ ਵੱਧ ਵੋਟਰਾਂ ਨੂੰ ਰਜਿਸਟਰਡ ਕੀਤਾ ਜਾ ਸਕੇ।

ਬਾਲਾ ਜੀ ਮੰਦਰ ਦਲੱਧੀ ਗੇਟ ਜਨਮ ਅਸ਼ਟਮੀ ਦਾ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਇਆ

ਨਾਭਾ, 31 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਨਾਭਾ ਵਿਖੇ ਬਾਲਾ ਜੀ ਮੰਦਰ ਦਲੱਧੀ ਗੇਟ ਜਨਮ ਅਸ਼ਟਮੀ ਦਾ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਇਆ ਗਿਆ ਜਿਸ ਵਿੱਚ ਅੰਦਰ ਸੁੰਦਰ ਝਾਕੀਆਂ ਦਿਖਾਈਆਂ ਗਈਆਂ ਮਹੰਤ ਸ੍ਰੀ ਰਾਮ ਲਾਲ ਜੀ ਨਾਲ ਗੱਲਬਾਤ ਕਰਦੇ ਆਂ ਉਹਨਾਂ ਨੇ ਦੱਸਿਆ ਕਿ ਅਸੀਂ ਇਹ ਤਿਹਾਰ ਹਰ ਸਾਲ ਬੜੀ ਧੂਮਧਾਮ ਨਾਲ ਮਨਾਉਦੇ ਹਾਂ ਅਤੇ ਇਸ ਵਿੱਚ ਸਾਰੇ ਮੈਂਬਰ ਰਲ ਕੇ ਸਹਿਯੋਗ ਦਿੰਦੇ ਹਨ ਜਿਵੇਂ ਕਿ ਸ਼੍ਰੀ ਰਜਿੰਦਰ ਪਾਲ,,ਸ਼੍ਰੀ ਤਿਲਕ ਰਾਜ,ਸ਼੍ਰੀ ਵਿਜੇ ਕੁਮਾਰ,ਰਾਹੁਲ ਸ਼ਰਮਾ,ਸੀਪੀ ਪੱਪੂ,ਮੰਗੀ,ਮਨੀਸ਼,ਤਰਸੇਮ ਸੁਭਾਸ਼,ਅਨੀਲ ਦਿਲਵਾਰਾ,ਜੱਗਾ,ਆਦੀ ਹਾਜ਼ਰ ਰਹੇ

ਸਵੱਛ ਭਾਰਤ ਮੂਸ਼ਨ ਤਹਿਤ ਚੱਲ ਰਹੇ ਕੰਮਾਂ ਵਿੱਚ ਲਿਆਂਦੀ ਜਾਵੇ ਤੇਜ਼ੀ- ਡਿਪਟੀ ਕਮਿਸ਼ਨਰ

ਫਾਜ਼ਿਲਕਾ, 31 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਨੇ ਸਵੱਛ ਭਾਰਤ ਮਿਸ਼ਨ ਤਹਿਤ ਚੱਲ ਰਹੇ ਕੰਮਾਂ ਵਿੱਚ ਤੇਜੀ ਲਿਆਉਣ ਦੇ ਮਨੋਰਥ ਨਾਲ ਸਬੰਧਤ ਵਿਭਾਗ ਦੇ ਅਧਿਕਾਰੀਆਂ ਨਾਲ ਇੱਕ ਅਹਿਮ ਬੈਠਕ ਕੀਤੀ! ਇਸ ਮੌਕੇ ਉਹਨਾਂ ਜਿਲੇ ਦੇ ਪਿੰਡਾਂ ਨੂੰ ਓ.ਡੀ.ਐਫ. ਮਾਡਲ ਪਿੰਡ ਬਣਾਉਣ ਲਈ ਹੁਣ ਤੱਕ ਚੱਲ ਰਹੇ ਕੰਮਾਂ ਦੀ ਜਾਣਕਾਰੀ ਹਾਸਲ ਕੀਤੀ!

ਡਿਪਟੀ ਕਮਿਸ਼ਨਰ ਨੇ ਸਬੰਧਿਤ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਭਾਰਤ ਮਿਸ਼ਨ ਗ੍ਰਾਮੀਣ ਦੇ ਤਹਿਤ ਸਰਕਾਰ ਵੱਲੋਂ ਜੋ ਪਿੰਡਾਂ ਨੂੰ ਹੋਰ ਖੂਬਸੂਰਤ ਬਣਾਉਣ ਦੀ ਰੂਪ-ਰੇਖਾ ਉਲੀਕੀ ਗਈ ਹੈ ਦੇ ਤਹਿਤ ਜਿਲੇ ਵਿੱਚ ਚੱਲ ਰਹੇ ਕੰਮਾਂ ਨੂੰ ਜਲਦ ਤੋਂ ਜਲਦ ਪੂਰਾ ਕਰਵਾਇਆ ਜਾਵੇ ਅਤੇ ਜਿੰਨੇ ਵੀ ਪਿੰਡ ਓ.ਡੀ.ਐਫ. ਮਾਡਲ ਬਣਨ ਤੋਂ ਰਹਿ ਗਏ ਹਨ ਉਹਨਾਂ ਨੂੰ ਜਲਦੀ ਤੋਂ ਜਲਦੀ ਓ.ਡੀ.ਐਫ. ਮਾਡਲ ਪਿੰਡ ਬਣਾ ਕੇ ਸਾਰੇ ਪਿੰਡਾਂ ਦੀ ਲਿਸਟ ਉਹਨਾਂ ਨੂੰ ਦਿੱਤੀ ਜਾਵੇ! ਉਹਨਾਂ ਕਿਹਾ ਕਿ ਇਸ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਦੇਰੀ ਅਤੇ ਊਣਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ!

ਉਹਨਾਂ ਕਿਹਾ ਕਿ ਸਰਕਾਰ ਵੱਲੋਂ ਜਿਲੇ ਦੇ ਜਿੰਨੇ ਪਿੰਡਾਂ ਨੂੰ ਓ.ਡੀ.ਐਫ. ਮਾਡਲ ਬਣਾਉਣ ਦੀ ਸੂਚੀ ਭੇਜੀ ਗਈ ਹੈ ਉਸੇ ਸੂਚੀ ਤਹਿਤ 100 ਪ੍ਰਤੀਸਤ ਟੀਚੇ ਨੂੰ ਜਲਦ ਤੋਂ ਜਲਦ ਮੁਕੰਮਲ ਕੀਤਾ ਜਾਵੇ ਅਤੇ ਉਸ ਦੀ ਜਾਣਕਾਰੀ ਉਹਨਾਂ ਨੂੰ ਦਿੱਤੀ ਜਾਵੇ! ਇਸ ਮੌਕੇ ਧਰਮਿੰਦਰ ਸਿੰਘ ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਤੇ ਸੈਨੀਟੇਸ਼ਨ ਮੰਡਲ ਫਾਜ਼ਿਲਕਾ,ਅਮ੍ਰਿਤਦੀਪ ਸਿੰਘ ਭੱਠਲ ਕਾਰਜਕਾਰੀ ਇੰਜੀਨੀਅਰ ਮੰਡਲ ਅਬੋਹਰ,ਬੀ.ਡੀ.ਪੀ.ਓ ਅਤੇ ਮਨਪ੍ਰੀਤ ਸਿੰਘ ਐਸ.ਡੀ.ਈ ਪੰਚਾਇਤੀ ਰਾਜ ਵੀ ਹਾਜ਼ਰ ਸਨ।

ਲੋਕ ਭਲਾਈ ਸਕੀਮਾਂ ਤਹਿਤ ਲਗਾਇਆ ਗਿਆ ਸੁਵਿਧਾ ਕੈਂਪ

ਸਨੌਰ, 31 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਨੌਰ ਦੇ ਗੁਰਦੂਆਰਾ ਸ੍ਰੀ ਅਕਾਲਗੜ੍ਹ ਸਾਹਿਬ ਚ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੁਆਰਾ ਦਿੱਤੀਆ ਜਾ ਰਹੀਆ ਲੋਕ ਭਲਾਈ ਸਕੀਮਾ ਤਹਿਤ ਸੁਵਿਧਾ ਕੈਂਪ ਲਗਾਇਆ ਗਿਆ । ਇਸ ਸੁਵਿਧਾ ਕੈਂਪ ਦੀ ਅਗਵਾਈ ਕਰਦੇ ਹੋਏ ਬੀਜੇਪੀ ਪਟਿਆਲਾ ਤੋਂ ਗੁਰਪ੍ਰੀਤ ਸਿੰਘ ਬਾਵਾ ਕੋ ਕਨਵੀਨਰ ਲੋਕਲ ਬੋਡੀ ਸੈੱਲ ਨੇ ਦੱਸਿਆ ਕਿ ਮਹਾਰਾਣੀ ਪ੍ਰਨੀਤ ਕੌਰ,ਬੀਬਾ ਜੈ ਇੰਦਰ ਕੌਰ ਅਤੇ ਕੇ ਕੇ ਮਲਹੋਤਰਾ ਕੋਨਵੀਨਸ ਲੋਕਲ ਬੋਡੀ ਸੈੱਲ ਵੱਲੋਂ ਅਪਣੇ ਪਾਰਟੀ ਮੈਂਬਰਾ ਨਾਲ ਪਟਿਆਲਾ ਦੇ ਵੱਖ ਵੱਖ ਇਲਾਕਿਆ ਵਿੱਚ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੁਆਰਾ ਚਲਾਈਆ ਜਾ ਰਹੀਆ ਲੋਕ ਭਲਾਈ ਸਕੀਮਾਂ ਤਹਿਤ ਕੈਂਪ ਲਗਾਏ ਜਾ ਰਹੇ ਹਨ ਤਾਂ ਜੋ ਲੋਕ ਇਨਾਂ ਲੋਕ ਭਲਾਈ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਉਠਾ ਸਕਣ।

ਸਰਕਾਰੀ ਕਾਲਜ ਵਿੱਚ ਤੀਆਂ ਦਾ ਤਿਉਹਾਰ ਮਨਾਇਆ ਗਿਆ

ਮਾਛੀਵਾੜਾ ਸਾਹਿਬ, 31 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਸਰਕਾਰੀ ਕਾਲਜ ਮਾਛੀਵਾੜਾ ਵਿਖੇ ਪ੍ਰਿੰਸੀਪਲ ਡਾ ਪ੍ਰਭਜੋਤ ਕੌਰ ਗਿੱਲ ਦੀ ਯੋਗ ਅਗਵਾਈ ਤੇ ਸਭਿਆਚਾਰਕ ਗਤੀਵਿਧੀਆਂ ਇੰਚਾਰਜ ਡਾ. ਕਮਲਜੀਤ ਕੌਰ ਬਾਂਗਾ ਦੇ ਦਿਸ਼ਾ ਨਿਰਦੇਸ਼ ਵਿੱਚ ਉਚੇਰੀ ਸਿੱਖਿਆ ਪੰਜਾਬ ਦੀਆ ਹਦਾਇਤਾਂ ਅਨੁਸਾਰ ਤੀਆਂ ਦਾ ਤਿਉਹਾਰ ਮਨਾਇਆ ਗਿਆ।

ਇਸ ਸਮਾਗਮ ਵਿੱਚ ਸ੍ਰੀਮਤੀ ਸਰਘੀ ਕੌਰ ਬੜਿੰਗ ਮਾਹਿਰ ਲੋਕ ਨਾਚ, ਰੰਗਮੰਚ ਤੇ ਸਿਰਜਣਾਤਮਕ ਲੇਖਣੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ।

ਪ੍ਰਿੰਸੀਪਲ ਡਾ. ਗਿੱਲ ਨੇ ਮੁੱਖ ਮਹਿਮਾਨ ਦਾ ਰਸਮੀ ਸਵਾਗਤ ਕੀਤਾ। ਡਾ. ਕਮਲਜੀਤ ਕੌਰ ਬਾਂਗਾ ਨੇ ਵਿਦਿਆਰਥੀਆਂ ਨੂੰ ਤੀਆਂ ਦੇ ਤਿਉਹਾਰ ਦੇ ਸੱਭਿਆਚਾਰਕ ਪਿਛੋਕੜ ਤੋਂ ਜਾਣੂ ਕਰਵਾਉਂਦੇ ਹੋਏ ਇਸ ਦੀ ਤਿਉਹਾਰ ਦੇ ਮਹੱਤਵ ਬਾਰੇ ਦੱਸਿਆ।

ਮੁੱਖ ਮਹਿਮਾਨ ਸ੍ਰੀਮਤੀ ਸਰਘੀ ਕੌਰ ਬੜਿੰਗ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਲੋਕ ਨਾਚਾ ਤੇ ਰੰਗਮੰਚ ਦੀਆਂ ਬਾਰੀਕੀਆਂ ਤੋਂ ਜਾਣੂ ਕਰਵਾਉਂਦੇ ਹੋਏ ਕਾਲਜ ਵਿੱਚ ਹੋਣ ਵਾਲੇ ਸਾਹਿਤਿਕ ਤੇ ਸੱਭਿਆਚਾਰਕ ਸਮਾਗਮਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਆ। ਇਸ ਮੌਕੇ ਵਿਦਿਆਰਥਣਾਂ ਵੱਲੋਂ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਤੇ ਸਭਿਆਚਾਰਕ ਮੁਕਾਬਲਾ ਵੀ ਕਰਵਾਇਆ ਗਿਆ। ਜਿਸ ਵਿੱਚ ਹਰਲੀਨ ਕੌਰ ਨੇ ਸੋਹਣਾ ਪਹਿਰਾਵਾ, ਕੁਲਵਿੰਦਰ ਕੌਰ ਨੇ ਆਤਮ-ਵਿਸ਼ਵਾਸ ਭਰਪੂਰ ਮੁਟਿਆਰ,ਕਮਲਜੀਤ ਕੌਰ ਨੇ ਮਨਮੋਹਕ ਮੁਟਿਆਰ ਤੇ ਗੁਰਜੀਤ ਕੌਰ ਨੇ ਮਿਸ ਤੀਜ ਦਾ ਖਿਤਾਬ ਜਿੱਤਿਆ। ਇਸ ਮੌਕੇ ਕਾਲਜ ਦਾ ਬਾਕੀ ਸਟਾਫ ਵੀ ਹਾਜ਼ਰ ਸੀ। ਸਟਾਫ ਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਇਹ ਸਮਾਗਮ ਸਫਲ ਹੋ ਨਿਬੜਿਆ।

ਵਿਧਾਇਕ ਸ਼ੈਰੀ ਕਲਸੀ ਨੇ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਚੌਕ ਦੇ ਚੱਲ ਰਹੇ ਨਵੀਨੀਕਰਨ ਕਾਰਜਾਂ ਦਾ ਜਾਇਜ਼ਾ ਲਿਆ

ਬਟਾਲਾ, 31 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਬਟਾਲਾ ਸ਼ਹਿਰ ਅੰਦਰ ਤੇਜ਼ਗਤੀ ਨਾਲ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ, ਜਿਸ ਦੇ ਚੱਲਦਿਆਂ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ, ਚੌਕ ਦਾ ਨਵੀਨੀਕਰਨ ਦਾ ਕੰਮ ਜ਼ੋਰਾ 'ਤੇ ਚੱਲ ਰਿਹਾ ਹੈ। ਬੀਤੀ ਰਾਤ ਵਿਧਾਇਕ ਸ਼ੈਰੀ ਕਲਸੀ ਵਲੋਂ ਇਸ ਬਣ ਰਹੇ ਚੌਕ ਦੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਗਿਆ।ਇਸ ਮੌਕੇ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਇਤਿਹਾਸਕ ਤੇ ਧਾਰਮਿਕ ਸ਼ਹਿਰ ਬਟਾਲਾ ਅੰਦਰ ਵੱਖ-ਵੱਖ ਵਿਕਾਸ ਕਾਰਜ ਕਰਵਾਏ ਗਏ ਹਨ ਅਤੇ ਵੱਖ-ਵੱਖ ਵਿਕਾਸ ਕਾਰਜ ਪ੍ਰਗਤੀ ਅਧੀਨ ਹਨ। ਉਨਾਂ ਦੱਸਿਆ ਕਿ ਗੁਰਦਾਸਪੁਰ ਤੋਂ ਬਟਾਲਾ ਐਂਟਰੀ ਵਿੱਚ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਆਦਮ ਕੱਦ ਬੁੱਤ ਲਗਾਉਣ ਦੇ ਨਾਲ ਰਾਸ਼ਟਰੀ ਤਿਰੰਗਾ ਝੰਡਾ ਲਗਾ ਕੇ ਸ਼ਾਨਦਾਰ ਪਾਰਕ ਬਟਾਲਾ ਵਾਸੀਆ ਨੂੰ ਸਮਰਪਿਤ ਕੀਤੀ ਗਈ ਹੈ। ਅੰਮ੍ਰਿਤਸਰ ਤੋਂ ਬਟਾਲਾ ਐਂਟਰੀ 'ਤੇ ਮਹਾਰਾਜਾ ਅਗਰਸੈਨ ਦਾ ਬੁੱਤ ਲਗਾ ਕੇ ਸ਼ਾਨਦਾਰ ਚੌਕ ਬਣਾ ਕੇ ਬਟਾਲੇ ਵਾਸੀਆਂ ਨੂੰ ਸਮਰਪਿਤ ਕੀਤਾ ਗਿਆ ਹੈ।

ਉਨਾਂ ਅੱਗੇ ਦੱਸਿਆ ਕਿ ਹੰਸਲੀ ਪੁਲ ਨੇੜੇ ਉਲੰਪੀਅਨ ਹਾਕੀ ਖਿਡਾਰੀ ਸੁਰਜੀਤ ਸਿੰਘ ਦਾ ਬੁੱਤ ਲਗਾਇਆ ਹੈ। ਜਲੰਧਰ ਰੋਡ 'ਤੇ ਸ਼ਿਵ ਕੁਮਾਰ ਆਡੀਟੋਰੀਅਮ ਦੇ ਪ੍ਰਵੇਸ਼ ਦੁਆਰ 'ਤੇ ਸ਼ਿਵ ਕੁਮਾਰ ਬਟਾਲਵੀ ਦਾ ਆਦਮ ਕੱਦ ਬੁੱਤ ਲਗਾਇਆ ਗਿਆ ਹੈ। ਬਟਾਲੇ ਸ਼ਹਿਰ ਵਿੱਚ ਟਰੈਫਿਕ ਦੀ ਸਮੱਸਿਆ ਨੂੰ ਦੇਖਦੇ ਹੋਏ ਸ਼ਹਿਰ ਵਿਚਲੀਆਂ ਸੜਕਾਂ ਨੂੰ ਚੋੜਿਆਂ ਕਰਕੇ ਸੁੰਦਰ ਬਣਾਇਆ ਗਿਆ ਹੈ ਅਤੇ ਕਈ ਜਗਾ ਕੰਮ ਅਜੇ ਵੀ ਜਾਰੀ ਹੈ। ਜਲੰਧਰ ਰੋਡ ਤੋਂ ਬਟਾਲੇ ਆਉਂਦੇ ਸਮੇਂ ਮਾਤਾ ਸੁਲੱਖਣੀ ਜੀ ਦਾ ਗੇਟ, ਵੰਡਰ ਹੋਟਲ ਨੇੜੇ ਬਣਾਇਆ ਜਾ ਰਿਹਾ ਹੈ, ਜੋ ਡੱਬਲ ਰੋਡ ਦਾ ਬਣੇਗਾ। ਜਲੰਧਰ ਰੋਡ ਬਾਈਪਾਸ ਤੋਂ ਅੰਮ੍ਰਿਤਸਰ ਰੋਡ ਬਾਈਪਾਸ ਨੂੰ ਚੌੜਾ ਕਰਨ ਦਾ ਕੰਮ ਵੀ ਜਾਰੀ ਹੈ। ਇਸੇ ਤਰਾ ਕਾਹਨੂੰਵਾਨ ਰੋਡ ਨੂੰ ਚੌੜਾ ਕਰਨ ਦਾ ਕੰਮ ਵੀ ਜਾਰੀ ਹੈ। ਬਟਾਲਾ ਸ਼ਹਿਰ ਵਿੱਚ ਕਈ ਜਗ੍ਹਾ ਬੱਚਿਆਂ ਲਈ ਝੂਲੇ ਲਾ ਕੇ ਪਾਰਕਾਂ ਬਣਾਈਆਂ ਗਈਆਂ ਹਨ ਅਤੇ ਕਸਰਤ ਲਈ ਮਸ਼ੀਨਾਂ ਵੀ ਲਾਈਆਂ ਗਈਆਂ ਹਨ। ਉਨਾਂ ਅੱਗੇ ਦੱਸਿਆ ਕਿ ਬਟਾਲੇ ਸ਼ਹਿਰ ਵਿੱਚ ਵਿਚ ਕਾਫ਼ੀ ਥਾਂ ਜਿੱਥੇ ਸੀਵਰੇਜ ਨਹੀ ਸੀ ਪਏ, ਉਥੇ ਸੀਵਰੇਜ਼ ਪਵਾਏ ਗਏ ਅਤੇ ਗਲੀਆਂ ਬਣਵਾਈਆਂ ਗਈਆਂ। ਉਨਾਂ ਅੱਗੇ ਦੱਸਿਆ ਕਿ ਲੋਕਾਂ ਨੂੰ ਇੱਕੋ ਛੱਤ ਹੇਠਾਂ ਵੱਖ-ਵੱਖ ਸੇਵਾਵਾਂ ਦੇਣ ਦੇ ਮੰਤਵ ਨਾਲ ਨਵਾਂ ਤਹਿਸੀਲ ਕੰਪਲੈਕਸ, ਨੇੜੇ ਪੁਲਿਸ ਲਾਈਨ ਬਟਾਲਾ ਵਿਖੇ ਬਣਾਇਆ ਜਾ ਰਿਹਾ ਹੈ।

ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਦੱਸਿਆ ਕਿ ਜਿਸ ਤਰਾਂ ਸ਼ਹਿਰ ਬਟਾਲਾ ਵਿਖੇ ਵਿਕਾਸ ਕੰਮ ਕਰਵਾਏ ਗਏ ਹਨ , ਓਸੇ ਤਰਾਂ ਪਿੰਡਾਂ ਅੰਦਰ ਵੀ ਵੱਖ-ਵੱਖ ਵਿਕਾਸ ਕਾਰਜ ਪਾਰਦਰਸ਼ੀ ਢੰਗ ਨਾਲ ਕਰਵਾਏ ਗਏ ਹਨ। ਉਨਾਂ ਦੱਸਿਆ ਕਿ ਨੌਜਵਾਨਾਂ ਦੀ ਸ਼ਕਤੀ ਨੂੰ ਉਸਾਰੂ ਪਾਸੇ ਲਾਉਣ ਦੇ ਮੰਤਵ ਨਾਲ ਖੇਡ ਮੈਦਾਨ ਬਣਾਏ ਗਏ ਹਨ। ਡੇਰਿਆਂ ਨੂੰ ਜਾਂਦੇ ਰਸਤੇ ਪੱਕੇ ਕਰਵਾਏ ਗਏ ਹਨ। ਥਾਪਰ ਮਾਡਲ ਤਹਿਤ ਛੱਪੜਾਂ ਦਾ ਨਵੀਨੀਕਰਨ ਕੀਤਾ ਗਿਆ ਹੈ। ਪਿੰਡਾਂ ਅੰਦਰ ਗੰਦੇ ਪਾਣੀ ਦੇ ਨਿਕਾਸੀ ਲਈ ਸੀਵਰੇਜ਼ ਪਾਏ ਗਏ ਹਨ ਅਤੇ ਗਲੀਆਂ ਦੀ ਉਸਾਰੀ ਕਰਵਾਈ ਗਈ ਹੈ।

ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਬਟਾਲਾ ਸ਼ਹਿਰ ਅਤੇ ਪਿੰਡਾਂ ਵਿੱਚ ਵੱਖ-ਵੱਖ ਵਿਕਾਸ ਕੰਮ ਕਰਵਾਏ ਗਏ ਹਨ ਅਤੇ ਵੱਖ-ਵੱਖ ਵਿਕਾਸ ਕਾਰਜ ਅਜੇ ਚੱਲ ਰਹੇ ਹਨ। ਉਨਾਂ ਦੁਹਰਾਇਆ ਕਿ ਹਲਕਾ ਬਟਾਲਾ ਦਾ ਸਰਬਪੱਖੀ ਵਿਕਾਸ ਕਰਨਾ ਉਨ੍ਹਾਂ ਦੀ ਪਹਿਲੀ ਤਰਜੀਹ ਹੈ ਅਤੇ ਹਲਕੇ ਦੇ ਚਹੁੰਪੱਖੀ ਵਿਕਾਸ ਵਿੱਚ, ਉਹ ਕੋਈ ਕਸਰ ਬਾਕੀ ਨਹੀਂ ਰਹਿਣ ਦੇਣਗੇ।

'ਖੇ

ਫਿਨਟੈੱਕ ਸੈਕਟਰ ਦੀ ਮਦਦ ਲਈ ਸਰਕਾਰ ਵੱਖ-ਵੱਖ ਕਦਮ ਚੁੱਕ ਰਹੀ: ਮੋਦੀ

ਮੁੰਬਈ, 31 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਮੁੰਬਈ ਵਿਚ ਕਿਹਾ ਕਿ ਕੇਂਦਰ ਸਰਕਾਰ ਫਿਨਟੈੱਕ ਸੈਕਟਰ ਨੂੰ ਹੁਲਾਰਾ ਦੇਣ ਲਈ ਨੀਤੀਗਤ ਪੱਧਰ ਉਤੇ ਵੱਖ-ਵੱਖ ਕਦਮ ਉਠਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਅਜਿਹੇ ਕਦਮਾਂ ਨੇ ਬੀਤੇ ਦਸ ਸਾਲਾਂ ਦੌਰਾਨ 31 ਅਰਬ ਡਾਲਰ ਦਾ ਨਿਵੇਸ਼ ਖਿੱਚਿਆ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਏਂਜਲ ਟੈਕਸ ਨੂੰ ਹਟਾਏ ਜਾਣ ਦਾ ਫ਼ੈਸਲਾ ਵੀ ਇਸ ਸੈਕਟਰ ਨੂੰ ਹੁਲਾਰਾ ਦੇਣ ਦੀ ਦਿਸ਼ਾ ਵਿਚ ਹੀ ਚੁੱਕਿਆ ਗਿਆ ਇਕ ਕਦਮ ਹੈ।

ਪ੍ਰਧਾਨ ਮੰਤਰੀ ਮੋਦੀ ਇਥੇ ਗਲੋਬਲ ਫਿਨਟੈੱਕ ਫੈਸਟ (Global Fintech Fest) ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਸਾਈਬਰ ਫਰਾਡਾਂ ਨੂੰ ਨੱਥ ਪਾਉਣ ਅਤੇ ਲੋਕਾਂ ਦਾ ਡਿਜੀਟਲ ਪੱਖੋਂ ਗਿਆਨ ਵਧਾਉਣ ਲਈ ਰੈਗੂਲੇਟਰਾਂ ਨੂੰ ਹੋਰ ਕਦਮ ਉਠਾਉਣ ਦਾ ਸੱਦਾ ਵੀ ਦਿੱਤਾ।

ਉਨ੍ਹਾਂ ਕਿਹਾ, "ਫਿਨਟੈੱਕ ਨੇ ਵਿੱਤੀ ਸੇਵਾਵਾਂ ਦੇ ਲੋਕਤੰਤਰੀਕਰਨ ਸਬੰਧੀ ਅਹਿਮ ਰੋਲ ਨਿਭਾਇਆ ਹੈ।" ਉਨ੍ਹਾਂ ਭਰੋਸਾ ਜ਼ਾਹਰ ਕੀਤਾ ਕਿ ਇਹ ਸਾਰੀਆਂ ਕਾਰਵਾਈਆਂ ਭਾਰਤ ਵਾਸੀਆਂ ਦੀ ਜ਼ਿੰਦਗੀ ਦਾ ਮਿਆਰ ਸੁਧਾਰਨ ਵਿਚ ਮਦਦਗਾਰ ਹੋਣਗੀਆਂ।

ਉਨ੍ਹਾਂ ਕਿਹਾ ਕਿ ਭਾਰਤ ਵਾਸੀ 'ਲਾਸਾਨੀ ਰਫ਼ਤਾਰ ਅਤੇ ਪੱਧਰ' ਉਤੇ ਫਿਨਟੈੱਕ ਨੂੰ ਅਪਣਾ ਰਹੇ ਹਨ, ਜਿਸ ਦੀ ਕਿ ਦੁਨੀਆਂ ਵਿਚ ਹੋਰ ਕਿਤੇ ਕੋਈ ਮਿਸਾਲ ਨਹੀਂ ਮਿਲਦੀ।

ਸਮਾਗਮ ਨੂੰ ਭਾਰਤੀ ਰਿਜ਼ਰਵ ਬੈਂਕ (RBI) ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਵੀ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਡਿਜੀਟਲ ਤਕਨਾਲੋਜੀਆਂ ਨੇ ਲੋਕਾਂ ਦੀ ਵਿੱਤੀ ਭਾਗੀਦਾਰੀ ਵਧਾਉਣ ਵਿਚ ਬਹੁਤ ਮਦਦ ਕੀਤੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤਨਖਾਹੀਆ ਕਰਾਰ

ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੌਰਾਨ ਹੋਇਆ ਫ਼ੈਸਲਾ; ਅਕਾਲੀ ਸਰਕਾਰ ਵੇਲੇ ਰਹੇ ਮੰਤਰੀਆਂ ਨੂੰ ਵੀ 15 ਦਿਨਾਂ ਦੇ ਅੰਦਰ ਸ੍ਰੀ ਅਕਾਲ ਤਖ਼ਤ ਅੱਗੇ ਪੇਸ਼ ਹੋ ਕੇ ਸਪਸ਼ਟੀਕਰਨ ਦੇਣ ਦੇ ਆਦੇਸ਼

ਅੰਮ੍ਰਿਤਸਰ, 31 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ੁੱਕਰਵਾਰ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਉਨ੍ਹਾਂ ਖਿਲਾਫ ਲੱਗੇ ਦੋਸ਼ਾਂ ਵਾਸਤੇ ਤਨਖਾਹੀਆ ਕਰਾਰ ਦਿੱਤਾ ਗਿਆ ਹੈ। ਇਹ ਫੈਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਦੀ ਫ਼ਸੀਲ ਤੋਂ ਸੰਗਤ ਦੇ ਸਾਹਮਣੇ ਸੁਣਾਇਆ ਹੈ।

ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਅਕਾਲੀ ਸਰਕਾਰ ਦੇ ਹੁੰਦਿਆਂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹੁੰਦਿਆਂ ਸੁਖਬੀਰ ਸਿੰਘ ਬਾਦਲ ਨੇ ਕਈ ਅਜਿਹੇ ਫ਼ੈਸਲੇ ਕੀਤੇ ਹਨ, ਜਿਨ੍ਹਾਂ ਨਾਲ ਪੰਥ ਦੇ ਅਕਸ ਨੂੰ ਢਾਹ ਲੱਗੀ ਹੈ, ਸ਼੍ਰੋਮਣੀ ਅਕਾਲੀ ਦਲ ਦੀ ਹਾਲਤ ਕਮਜ਼ੋਰ ਹੋਈ ਹੈ ਅਤੇ ਸਿੱਖ ਸੰਸਥਾਵਾਂ ਨੂੰ ਨੁਕਸਾਨ ਪੁੱਜਾ ਹੈ। ਇਸ ਲਈ ਉਸ ਨੂੰ ਉਸ ਵੇਲੇ ਤੱਕ ਤਨਖਾਹੀਆ ਕਰਾਰ ਦਿੱਤਾ ਜਾਂਦਾ ਹੈ, ਜਦੋਂ ਤੱਕ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਅਤੇ ਸੰਗਤ ਦੇ ਸਾਹਮਣੇ ਪੇਸ਼ ਹੋ ਕੇ ਆਪਣੇ ਗੁਨਾਹਾਂ ਦੀ ਮੁਆਫ਼ੀ ਨਹੀਂ ਮੰਗਦੇ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਸ੍ਰੀ ਅਕਾਲ ਤਖ਼ਤ ਦੀ ਫ਼ਸੀਲ ਤੋਂ ਆਦੇਸ਼ ਪੜ੍ਹ ਕੇ ਸੁਣਾਉਂਦੇ ਹੋਏ

ਜਥੇਦਾਰ ਵੱਲੋਂ 2007 ਤੋਂ ਲੈ ਕੇ 2017 ਤੱਕ ਅਕਾਲੀ ਸਰਕਾਰ ਵੇਲੇ ਰਹੇ ਅਕਾਲੀ ਮੰਤਰੀਆਂ ਨੂੰ ਵੀ ਇਸ ਮਾਮਲੇ ਵਿੱਚ 15 ਦਿਨਾਂ ਵਿੱਚ ਸ੍ਰੀ ਅਕਾਲ ਤਖ਼ਤ ਵਿਖੇ ਪੇਸ਼ ਹੋ ਕੇ ਸਪਸ਼ਟੀਕਰਨ ਦੇਣ ਦੇ ਆਦੇਸ਼ ਦਿੱਤੇ ਗਏ ਹਨ। ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਵਿੱਚ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਆਏ ਹੋਏ ਪ੍ਰਤੀਨਿਧ ਤੇ ਹੋਰ ਸ਼ਾਮਿਲ ਹਨ।

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਤੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਅਕਾਲੀ ਸਰਕਾਰ ਵੇਲੇ ਦੇ ਮੰਤਰੀਆਂ ਨੂੰ ਜੋ ਆਦੇਸ਼ ਦਿੱਤੇ ਗਏ ਹਨ, ਉਹ ਸਿਰ ਮੱਥੇ ਪ੍ਰਵਾਨ ਹਨ ਤੇ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਵੱਲੋਂ ਹੋਏ ਆਦੇਸ਼ਾਂ ਅਨੁਸਾਰ ਪੂਰਾ ਕੀਤਾ ਜਾਵੇਗਾ। ਦੱਸਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਨਾਰਾਜ਼ ਧੜੇ ਵੱਲੋਂ ਸ੍ਰੀ ਅਕਾਲ ਤਖ਼ਤ ਵਿਖੇ ਸ਼ਿਕਾਇਤ ਪੱਤਰ ਦੇ ਕੇ ਦੋਸ਼ ਲਾਇਆ ਗਿਆ ਸੀ ਕਿ ਅਕਾਲੀ ਸਰਕਾਰ ਦੇ ਵੇਲੇ ਕਈ ਭੁੱਲਾਂ-ਚੁੱਕਾਂ ਹੋਈਆਂ ਹਨ ਜਿਨ੍ਹਾਂ ਕਾਰਨ ਸ਼੍ਰੋਮਣੀ ਅਕਾਲੀ ਦਲ ਨੂੰ ਵੱਡਾ ਨੁਕਸਾਨ ਹੋਇਆ। ਉਨ੍ਹਾਂ ਨੇ ਇਨ੍ਹਾਂ ਭੁੱਲਾਂ ਚੁੱਕਾਂ ਤੇ ਗਲਤੀਆਂ ਲਈ ਸੁਖਬੀਰ ਸਿੰਘ ਬਾਦਲ ਨੂੰ ਜ਼ਿੰਮੇਵਾਰ ਠਹਿਰਾਇਆ ਸੀ।

ਸ਼੍ਰੋਮਣੀ ਅਕਾਲੀ ਦਲ ਨੇ ਫ਼ਿਲਮ 'ਐਮਰਜੈਂਸੀ' 'ਤੇ ਰੋਕ ਲਾਉਣ ਲਈ ਸੀਬੀਐੱਫਸੀ ਨੂੰ ਭੇਜਿਆ ਕਾਨੂੰਨੀ ਨੋਟਿਸ

ਨਵੀਂ ਦਿੱਲੀ, 31 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਦਿੱਲੀ ਨੇ ਕੰਗਨਾ ਰਣੌਤ ਦੀ ਫ਼ਿਲਮ ਐਮਰਜੈਂਸੀ ਦੇ ਸਬੰਧ ਵਿੱਚ ਕੇਂਦਰੀ ਫ਼ਿਲਮ ਸਰਟੀਫਿਕੇਸ਼ਨ ਬੋਰਡ (ਸੀਬੀਐਫਸੀ) ਨੂੰ ਇੱਕ ਕਾਨੂੰਨੀ ਨੋਟਿਸ ਭੇਜਿਆ ਹੈ।

ਇਸ ਫ਼ਿਲਮ ਵਿਚ ਇਤਿਹਾਸਕ ਘਟਨਾਵਾਂ ਅਤੇ ਸ਼ਖਸੀਅਤਾਂ, ਖਾਸ ਤੌਰ 'ਤੇ ਸਿੱਖ ਭਾਈਚਾਰੇ ਨਾਲ ਸਬੰਧਤ ਚਿੱਤਰਣ 'ਤੇ ਚਿੰਤਾਵਾਂ ਦਾ ਹਵਾਲਾ ਦਿੰਦੇ ਹੋਏ, ਫ਼ਿਲਮ ਦੀ ਰਿਲੀਜ਼ ਨੂੰ ਰੋਕਣ ਦੀ ਮੰਗ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਵੱਲੋਂ ਭੇਜੇ ਗਏ ਨੋਟਿਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਐਮਰਜੈਂਸੀ ਦਾ ਹਾਲ ਹੀ ਵਿੱਚ ਰਿਲੀਜ਼ ਹੋਇਆ ਟਰੇਲਰ ਇਤਿਹਾਸਕ ਤੱਥਾਂ ਨੂੰ ਗਲਤ ਢੰਗ ਨਾਲ ਪੇਸ਼ ਕਰਦਾ ਹੈ।

ਨੋਟਿਸ ਵਿਚ ਕਿਹਾ ਗਿਆ ਹੈ ਕਿ ਪ੍ਰਦਰਸ਼ਿਤ ਸੀਨ ਸਿੱਖ ਭਾਈਚਾਰੇ ਨੂੰ ਗਲਤ ਢੰਗ ਨਾਲ ਪੇਸ਼ ਕਰਦੇ ਹਨ, ਨਫ਼ਰਤ ਅਤੇ ਸਮਾਜਿਕ ਮਤਭੇਦ ਨੂੰ ਵਧਾਵਾ ਦਿੰਦੇ ਹਨ। ਸਰਨਾ ਨੇ ਦਲੀਲ ਦਿੱਤੀ ਹੈ ਕਿ ਅਜਿਹੇ ਚਿੱਤਰਣ ਗੁੰਮਰਾਹਕੁੰਨ, ਅਪਮਾਨਜਨਕ ਅਤੇ ਪੰਜਾਬ ਸਮੇਤ ਸਮੁੱਚੇ ਦੇਸ਼ ਦੇ ਸਮਾਜਿਕ ਤਾਣੇ-ਬਾਣੇ ਨੂੰ ਨੁਕਸਾਨ ਪਹੁੰਚਾਉਣ ਵਾਲੇ ਹਨ।

ਅਦਾਲਤ ਵੱਲੋਂ ਜਗਦੀਸ਼ ਟਾਈਟਲਰ ਖ਼ਿਲਾਫ਼ ਦੋਸ਼ ਤੈਅ

ਨਵੀਂ ਦਿੱਲੀ, 31 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

1984 ਦੇ ਸਿੱਖ ਨਸਲਕੁਸ਼ੀ ਮਾਮਲਿਆਂ 'ਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ 'ਤੇ ਅਦਾਲਤ ਨੇ ਦੋਸ਼ ਤੈਅ ਕਰ ਦਿੱਤੇ ਹਨ। ਦਿੱਲੀ ਦੀ ਰਾਊਜ਼ ਐਵਨਿਊ ਕੋਰਟ ਨੇ ਉਸ ਖ਼ਿਲਾਫ਼ ਗੁਰਦੁਆਰਾ ਪੁਲ ਬੰਗਸ਼ ਨੇੜੇ 3 ਸਿੱਖਾਂ ਦੇ ਹੋਏ ਕਤਲ ਦੇ ਮਾਮਲੇ 'ਚ ਧਾਰਾ 143, 147, 302, 109, 295 ਤਹਿਤ ਦੋਸ਼ ਤੈਅ ਕੀਤੇ ਹਨ ਅਤੇ ਹੁਣ ਉਸ ਖ਼ਿਲਾਫ਼ ਮੁਕੱਦਮੇ ਦੀ ਕਾਰਵਾਈ ਅੱਗੇ ਵਧਾਈ ਜਾਵੇਗੀ। ਇਹ ਨਸਲਕੁਸ਼ੀ ਦੀ ਭਿਆਨਕ ਘਟਨਾ 31 ਅਕਤੂਬਰ, 1984 ਨੂੰ ਮੌਕੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਨ੍ਹਾਂ ਦੇ ਸੁਰੱਖਿਆ ਕਰਮੀਆਂ ਵੱਲੋਂ ਹੱਤਿਆ ਕੀਤੇ ਜਾਣ ਤੋਂ ਬਾਅਦ ਵਾਪਸੀ ਸੀ।

ਆਂਧਰਾ ਪ੍ਰਦੇਸ਼ 'ਚ ਵਿਦਿਆਰਥਣਾਂ ਦੇ ਵਾਸ਼ਰੂਮ 'ਚੋਂ ਕੈਮਰਾ ਮਿਲਣ 'ਤੇ ਕਾਲਜ ਵਿੱਚ ਜ਼ੋਰਦਾਰ ਮੁਜ਼ਾਹਰੇ

ਚੰਡੀਗੜ੍ਹ, 31 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਆਂਧਰਾ ਪ੍ਰਦੇਸ਼ ਦੇ ਕ੍ਰਿਸ਼ਨਾ ਜ਼ਿਲ੍ਹੇ ਦੇ ਐੱਸਆਰ ਗੁਡੂਲਾਵੱਲੇਰੂ ਇੰਜਨੀਅਰਿੰਗ ਕਾਲਜ ਵਿਚ ਵਿਦਿਆਰਥਣਾਂ ਦੇ ਵਾਸ਼ਰੂਮ ਵਿਚ ਲੁਕਵਾਂ ਕੈਮਰਾ ਲੱਗਿਆ ਹੋਇਆ ਪਾਏ ਜਾਣ 'ਤੇ ਵਿਦਿਆਰਥੀਆਂ ਨੇ ਜ਼ੋਰਦਾਰ ਰੋਸ ਮੁਜ਼ਾਹਰੇ ਕੀਤੇ।

ਦੱਸਿਆ ਜਾਂਦਾ ਹੈ ਕਿ ਕੈਮਰੇ ਰਾਹੀਂ ਵਿਦਿਆਰਥਣਾਂ ਦੀ ਗੁਪਤ ਢੰਗ ਨਾਲ ਰਿਕਾਰਡਿੰਗ ਕੀਤੀ ਜਾ ਰਹੀ ਸੀ। ਇਸ ਵੀ ਦੋਸ਼ ਹੈ ਕਿ ਅਜਿਹੀਆਂ ਵੀਡੀਓ ਕਲਿੱਪਾਂ ਨੂੰ ਬਾਅਦ ਵਿਚ ਕੁਝ ਵਿਦਿਆਰਥੀਆਂ ਨੂੰ ਵੇਚਿਆ ਜਾਂਦਾ ਸੀ।

ਇਹ ਪਤਾ ਲੱਗਣ 'ਤੇ ਵਿਦਿਆਰਥਣਾਂ ਵਿਚ ਰੋਸ ਫੈਲ ਗਿਆ ਅਤੇ ਉਨ੍ਹਾਂ ਵੀਰਵਾਰ ਅੱਧੀ ਰਾਤ ਨੂੰ ਇਸ ਘਟਨਾ ਖ਼ਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਅਤੇ ਪ੍ਰਬੰਧਕਾਂ ਤੋਂ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ। ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐੱਨ ਚੰਦਰਬਾਬੂ ਨਾਇਡੂ ਨੇ ਦੋਸ਼ਾਂ ਦੀ ਜਾਂਚ ਦੇ ਹੁਕਮ ਦਿੱਤੇ ਹਨ। ਉਨ੍ਹਾਂ ਖਾਣ ਮੰਤਰੀ ਕੇ ਰਵਿੰਦਰ ਅਤੇ ਜ਼ਿਲ੍ਹੇ ਦੇ ਕੁਲੈਕਟਰ ਤੇ ਪੁਲੀਸ ਮੁਖੀ ਨੂੰ ਕਾਲਜ ਦਾ ਦੌਰਾ ਕਰ ਕੇ ਸਾਰੇ ਹਾਲਾਤ ਦਾ ਜਾਇਜ਼ਾ ਲੈਣ ਦੇ ਹੁਕਮ ਵੀ ਦਿੱਤੇ ਹਨ।

ਸਵਰਗੀ ਸਾਬਕਾ ਮੰਤਰੀ ਸੁਰਜੀਤ ਸਿੰਘ ਕੋਹਲੀ ਦਾ ਅੰਤਿਮ ਸਸਕਾਰ ਅੱਜ 31 ਅਗਸਤ ਨੂੰ

ਵੱਡੀ ਗਿਣਤੀ 'ਚ ਆਗੂਆਂ, ਧਾਰਮਿਕ ਤੇ ਰਾਜਸੀ ਸ਼ਖ਼ਸੀਅਤਾਂ ਨੇ ਅਜੀਤਪਾਲ ਕੋਹਲੀ ਨਾਲ ਦੁੱਖ ਵੰਡਾਇਆ

ਪਟਿਆਲਾ, 31 ਅਗਸਤ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੇ ਪਿਤਾ ਸਾਬਕਾ ਮੰਤਰੀ ਸੁਰਜੀਤ ਸਿੰਘ ਕੋਹਲੀ ਜਿਨ੍ਹਾਂ ਦਾ ਕੱਲ੍ਹ ਸਵੇਰੇ ਦੇਹਾਂਤ ਹੋ ਗਿਆ ਸੀ, ਦੀ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ ਮਿਤੀ 31 ਅਗਸਤ, ਸ਼ਨੀਵਾਰ ਨੂੰ ਸ਼ਾਮ 4 ਵਜੇ ਇੱਥੇ ਰਾਜਪੁਰਾ ਰੋਡ 'ਤੇ ਸਥਿਤ ਬੀਰ ਜੀ ਸਮਸ਼ਾਨਘਾਟ ਵਿਖੇ ਕੀਤਾ ਜਾਵੇਗਾ। ਅੱਜ ਉਨ੍ਹਾਂ ਦੇ ਪੁੱਤਰ ਤੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨਾਲ ਵੱਡੀ ਗਿਣਤੀ 'ਚ ਰਾਜਸੀ, ਸਮਾਜਿਕ, ਧਾਰਮਿਕ ਅਤੇ ਹੋਰ ਆਗੂਆਂ ਨੇ ਉਹਨਾਂ ਦੇ ਘਰ ਪੁੱਜ ਕੇ ਦੁੱਖ ਸਾਂਝਾ ਕੀਤਾ।ਅੱਜ ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ, ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ, ਅਮਨਜੋਤ ਰਾਮੂਵਾਲੀਆ, ਡੀ ਆਈ ਜੀ ਐਚ ਐੱਸ ਭੁੱਲਰ, ਵਿਸ਼ਨੂ ਸ਼ਰਮਾ, ਡੀ ਐਸ ਪੀ ਬਿਕਰਮ ਬਰਾੜ, ਅਜੇ ਆਲੀਪੁਰੀਆ, ਹਰਪ੍ਰੀਤ ਸਿੰਘ ਪੀਟੀਸੀ, ਡਾ ਪ੍ਰਭਲੀਨ ਸਿੰਘ, ਤਰਲੋਕ ਸਿੰਘ ਤੋਰਾ, ਕੇਕੇ ਸ਼ਰਮਾ, ਹਰਿੰਦਰ ਸਿੰਘ ਕੋਹਲੀ, ਸੁਰਜੀਤ ਸਿੰਘ ਅਬਲੋਵਾਲ, ਮਨਜੀਤ ਸਿੰਘ ਬਰਾੜ, ਐਮ ਡੀ ਰਾਜਵੀਰ ਪੋਰੂ, ਜਸਪ੍ਰੀਤ ਭੋਲਾ ਸੇਠੀ ਸਮੇਤ ਵੱਡੀ ਗਿਣਤੀ ਸ਼ਖ਼ਸੀਅਤਾਂ ਨੇ ਦੁੱਖ ਸਾਂਝਾ ਕੀਤਾ। ਜਿਕਰਯੋਗ ਹੈ ਕਿ ਸੁਰਜੀਤ ਸਿੰਘ ਕੋਹਲੀ 1997 'ਚ ਪਟਿਆਲਾ ਤੋਂ ਵਿਧਾਇਕ ਚੁਣੇ ਗਏ ਸਨ, ਤੇ ਉਹਨਾਂ ਪੰਜਾਬ ਦੇ ਰਾਜ ਮੰਤਰੀ ਵਜੋਂ ਸੇਵਾਂਵਾਂ ਨਿਭਾਈਆਂ ਤੇ ਉਹ ਅੰਤਲੇ ਸਮੇਂ ਤੱਕ ਲੋਕ ਸੇਵਾ ਨੂੰ ਪ੍ਰਣਾਏ ਰਹੇ।

ਸ਼ਿਵ ਸੈਨਾ ਹਿੰਦੁਸਤਾਨ ਦੇ ਕੌਮੀ ਪ੍ਰਧਾਨ ਪਵਨ ਗੁਪਤਾ ਦੇ ਪਿਤਾ ਹੀਰਾ ਲਾਲ ਗੁਪਤਾ ਦੀ ਅੰਤਿਮ ਮੌਕੇ ਵੱਖ-ਵੱਖ ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਆਗੂਆਂ ਨੇ ਦਿੱਤੀ ਸ਼ਰਧਾਂਜਲੀ

ਪਟਿਆਲਾ, 31 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਿਵ ਸੈਨਾ ਹਿੰਦੁਸਤਾਨ ਅਤੇ ਹਿੰਦੁਸਤਾਨ ਸ਼ਕਤੀ ਸੈਨਾ ਦੇ ਰਾਸ਼ਟਰੀ ਪ੍ਰਧਾਨ ਸ੍ਰੀ ਪਵਨ ਗੁਪਤਾ ਜੀ ਦੇ ਸਵਰਗਵਾਸੀ ਪਿਤਾ ਸ਼੍ਰੀ ਹੀਰਾ ਲਾਲ ਗੁਪਤਾ ਜੀ ਦਾ ਹਾਲ ਹੀ ਵਿੱਚ ਦਿਹਾਂਤ ਹੋ ਗਿਆ ਸੀ, ਉਹਨਾਂ ਦੇ ਅੰਤਿਮ ਭੋਗ 29 ਅਗਸਤ 2024 ਨੂੰ ਸਥਾਨਕ ਪੈਲੇਸ, ਕਲਾਸਿਕ ਪੰਜਾਬ ਪੈਲੇਸ, ਨਾਭਾ ਰੋਡ ਵਿਖੇ ਹੋਇਆ ਸੀ। ਅੰਤਿਮ ਭੋਗ ਦੀ ਰਸਮ ਸ੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਧਰਮ ਪ੍ਰਚਾਰਕ ਪੰਡਿਤ ਬਦਰੀ ਪ੍ਰਸਾਦ ਅਤੇ ਪੰਡਿਤ ਸ਼ਿਵ ਭਾਰਦਵਾਜ ਦੀ ਅਗਵਾਈ ਹੇਠ ਸ੍ਰੀ ਗਰੁੜ ਪੁਰਾਣ ਜੀ ਦੇ ਪਾਠ ਦੀ ਸੰਪੂਰਨਤਾ ਉਪਰੰਤ ਪਾਇਆ ਗਿਆ।

ਸ਼੍ਰੀ ਪਵਨ ਗੁਪਤਾ ਜੀ ਦੇ ਸਵਰਗਵਾਸੀ ਪਿਤਾ ਸ਼੍ਰੀ ਹੀਰਾਲਾਲ ਗੁਪਤਾ ਜੀ ਦੇ ਇਸ ਅੰਤਿਮ ਭੋਗ ਸਮਾਗਮ ਵਿੱਚ ਪੰਜਾਬ ਅਤੇ ਦੇਸ਼ ਦੇ ਧਾਰਮਿਕ, ਸਮਾਜਿਕ-ਰਾਜਨੀਤਿਕ ਖੇਤਰ ਨਾਲ ਜੁੜੀਆਂ ਆਮ ਅਤੇ ਪ੍ਰਸਿੱਧ ਸ਼ਖਸੀਅਤਾਂ ਨੇ ਭਰਵੀਂ ਸ਼ਮੂਲੀਅਤ ਕੀਤੀ। ਭਾਰੀ ਮੀਂਹ ਦੇ ਬਾਵਜੂਦ, ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਜੀ ਦੇ ਸਵਰਗਵਾਸੀ ਪਿਤਾ ਸ਼੍ਰੀ ਹੀਰਾਲਾਲ ਗੁਪਤਾ ਜੀ ਨੂੰ ਸ਼ਰਧਾਂਜਲੀ ਦੇਣ ਲਈ ਲੋਕਾਂ ਦਾ ਇੱਕ ਵੱਡਾ ਸਮੂਹ ਆਉਂਦਾ ਰਿਹਾ ਸੀ। ਇਸ ਮੌਕੇ ਪਟਿਆਲਾ ਤੋਂ ਸਾਬਕਾ ਵਿਧਾਇਕ ਸ੍ਰੀ ਹਰਦਿਆਲ ਕੰਬੋਜ, ਪਟਿਆਲਾ ਦੇ ਸਾਬਕਾ ਨਗਰ ਨਿਗਮ ਮੇਅਰ ਸ੍ਰੀ ਵਿਸ

ਮਨਜਿੰਦਰ ਸਿੰਘ ਸਰੌਦ
94634-63136

ਲੱਚਰ ਗਾਇਕੀ ਅੱਗੇ ਸੱਭਿਆਚਾਰ ਮਿਸ਼ਨ ਅਸਫਲ

ਕੁਝ ਮਹੀਨੇ ਪਹਿਲਾਂ ਪੰਜਾਬੀ ਗਾਇਕੀ 'ਚ ਲੱਚਰਤਾ ਰੋਕਣ ਲਈ ਇਕ ਸੱਭਿਆਚਾਰਕ ਮਿਸ਼ਨ ਬਣਾਇਆ ਗਿਆ ਸੀ। ਇਸ ਮਿਸ਼ਨ ਦੇ ਬਣਨ ਤੋਂ ਬਾਅਦ ਵੀ ਗੀਤਾਂ 'ਚ ਲੱਚਰਤਾ ਜਾਰੀ ਹੈ, ਜੋ ਇਸ ਮਿਸ਼ਨ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਹੈ...

ਪਿਛਲੇ ਇਕ ਦਹਾਕੇ ਤੋਂ ਪੰਜਾਬੀ ਗਾਇਕੀ ਦੀ ਰੰਧਲੀ ਹੋਈ ਆਬੋ ਹਵਾ ਨੇ ਸਾਡੇ ਸੱਭਿਆਚਾਰ ਅਤੇ ਵਿਰਸੇ ਦੀ ਕਮਰ ਨੂੰ ਤੋੜ ਕੇ ਰੱਖ ਦਿੱਤਾ ਹੈ। ਚਾਰੇ ਕੁੰਟਾਂ ਵਿਚ ਹਾਲ ਇੱਕੋ ਜਿਹਾ ਨਜ਼ਰ ਆਉਂਦਾ ਹੈ। ਬਹੁਤੇ ਕਲਾਕਾਰਾਂ ਵੱਲੋਂ ਸ਼ੌਹਰਤ ਅਤੇ ਪੈਸੇ ਦੀ ਪਗਡੰਡੀ 'ਤੇ ਤੁਰਦਿਆਂ-ਤੁਰਦਿਆਂ ਮਾਂ ਬੋਲੀ ਦੇ ਵੱਕਾਰ ਨੂੰ ਅੱਖੋਂ ਪਰੋਖੇ ਕਰ ਐਸਾ ਰਸਤਾ ਚੁਣਿਆ ਜੋ ਸਿੱਧਾ ਨੈਤਿਕ ਕਦਰਾਂ ਕੀਮਤਾਂ ਨੂੰ ਕੁਚਲਦਾ ਹੋਇਆ ਅਪਰਾਧ ਅਤੇ ਗ਼ੈਰ-ਜ਼ਿੰਮੇਵਾਰੀ ਵਾਲੇ ਖੇਤਰ ਅੰਦਰ ਜਾ ਦਾਖ਼ਲ ਹੁੰਦਾ ਹੈ। ਹੁਣ ਮਾਂ ਬੋਲੀ ਦਾ ਕਿਸੇ ਨੂੰ ਕੋਈ ਖ਼ਿਆਲ ਨਹੀਂ ਰਿਹਾ ਬਸ ਪੈਸੇ ਤੇ ਸ਼ੋਹਰਤ ਮਿਲਣੀ ਚਾਹੀਦੀ ਹੈ, ਉਹ ਮਿਲ ਵੀ ਰਹੀ ਹੈ। ਅੱਜ ਦੇ ਬਹੁਤੇ ਕਲਾਕਾਰ ਇਹੀ ਫਾਰਮੂਲੇ 'ਤੇ ਫਿੱਟ ਹੁੰਦੇ ਨੇ ਤੇ ਹਿੱਟ ਵੀ ਹੋਏ ਹਨ। ਕਸੂਰ ਜਨਤਾ ਦਾ ਵੀ ਘੱਟ ਨਹੀਂ। ਪੰਜ-ਪੰਜ ਲੱਖ ਲੈਣ ਵਾਲੇ ਗਾਇਕ ਬੇਸ਼ੱਕ ਲੱਚਰਤਾ ਭਰੇ ਗੀਤ ਗਾ ਕੇ ਚੱਲ ਜਾਣ ਸਾਨੂੰ ਕੋਈ ਫ਼ਰਕ ਨਹੀਂ। ਘੱਟ ਪੈਸੇ ਲੈ ਚੰਗੇ ਗੀਤ ਗਾਉਣ ਵਾਲੇ ਗਾਇਕਾਂ ਨੂੰ ਅਸੀਂ ਘਰ ਦਾ ਦਰਵਾਜ਼ਾ ਵੀ ਨਹੀਂ ਟੱਪਣ ਦਿੰਦੇ ਕਿਉਂਕਿ ਉਨ੍ਹਾਂ ਦੇ ਗੀਤ ਸੱਭਿਅਕ ਭਾਸ਼ਾ ਨੂੰ ਪਰਨਾਏ ਹੁੰਦੇ ਹਨ।

ਸੰਗੀਤ ਬਣਿਆ ਕਾਤਲ

ਮਾੜੇ ਗੀਤਾਂ ਦੇ ਇਕ ਦਹਾਕੇ ਦੇ ਸਫ਼ਰ ਨੇ ਅਥਾਹ ਅਜਿਹੀਆ ਮਾੜੀਆਂ ਅਲਾਮਤਾਂ ਨੂੰ ਜਨਮ ਦਿੱਤਾ ਹੈ ਜਿਨ੍ਹਾਂ ਦੀ ਬਦੌਲਤ ਪੰਜਾਬ ਦੀ ਨੌਜਵਾਨੀ ਨਸ਼ੇ ਅਤੇ ਅਸਲੇ ਦੇ ਕਲਚਰ ਦੀ ਭੇਟ ਚੜ੍ਹ ਅਪਰਾਧਾਂ ਦੇ ਰਾਹ ਤੁਰ ਪਈ ਹੈ। ਅਸੀਂ ਬਹੁਤ ਸਮਾਂ ਪਹਿਲਾਂ ਵੀ ਆਖਿਆ ਸੀ ਕਿ ਜੇ ਇਨ੍ਹਾਂ ਲੱਚਰ ਗੀਤ ਗਾਉਣ ਵਾਲਿਆਂ ਗਾਇਕਾਂ ਨੂੰ ਮੌਕਾ ਰਹਿੰਦਿਆਂ ਉਨ੍ਹਾਂ ਦੇ ਗੀਤਾਂ ਦੀ ਸ਼ਬਦਾਵਲੀ ਬਾਰੇ ਸਵਾਲ ਨਾ ਕੀਤੇ ਗਏ ਤਾਂ ਇਹ ਕੌੜੀ ਵੇਲ ਦੀ ਤਰ੍ਹਾਂ ਵਧਦੇ ਜਾਣਗੇ। ਸ਼ਾਇਦ ਇਹ ਆਵਾਜ਼ ਓਦੋਂ ਕਿਸੇ ਨੇ ਸੁਣੀ ਤਕ ਨਹੀਂ। ਹੁਣ ਜਦੋਂ ਪਾਣੀ ਸਿਰੋਂ ਟੱਪਣ ਲੱਗਿਆ ਤਾਂ ਸਾਰੇ ਹੱਥ ਪੈਰ ਮਾਰਨ ਲੱਗੇ ਹਨ। ਲੱਚਰਤਾ ਭਰੇ ਗੀਤਾਂ ਦੀ ਬਦੌਲਤ ਹੁੰਦੇ ਅਪਰਾਧਾਂ ਤੇ ਝਗੜਿਆਂ ਨੇ ਆਖ਼ਰ ਬਹੁਤੇ ਲੋਕਾਂ ਨੂੰ ਸੋਚਣ ਲਈ ਮਜਬੂਰ ਕੀਤਾ ਕਿ ਨਸ਼ੇ ਤੇ ਅਸਲੇ ਵਾਲੇ ਗੀਤਾਂ ਨੇ ਹਸਦੇ-ਵਸਦੇ ਘਰਾਂ ਦੇ ਚੁੱਲ੍ਹਿਆਂ ਵਿਚ ਘਾਹ ਉੱਗਣ ਲਾ ਦਿੱਤਾ ਹੈ। ਪੰਜਾਬ ਦੀ ਜਵਾਨੀ ਖ਼ੁਦ ਨੂੰ ਇਨ੍ਹਾਂ ਗੀਤਾਂ ਦੇ ਸਾਂਚੇ ਵਿਚ ਢਾਲ ਅਪਰਾਧਿਕ ਬਿਰਤੀ ਵੱਲ ਧੱਕੀ ਚਲੀ ਗਈ। ਗੀਤਾਂ ਤੋਂ ਉਕਸਾਹਟ ਵਿਚ ਆ ਕੇ ਗੱਲ ਨਕਲੀ ਗੋਲੀਆਂ ਤੋਂ ਅਸਲੀ ਤਕ ਜਾ ਪਹੁੰਚੀ ਅਤੇ ਕੀਮਤੀ ਜਾਨਾਂ ਭੰਗ ਦੇ ਭਾਣੇ ਜਾਣ ਲੱਗੀਆਂ। ਮਨੁੱਖੀ ਰੂਹਾਂ ਨੂੰ ਠੰਢੀ ਹਵਾ ਦੇ ਬੁੱਲੇ ਰਾਹੀਂ ਤ੍ਰਿਪਤੀ ਪ੍ਰਦਾਨ ਕਰਨ ਵਾਲਾ ਸੰਗੀਤ ਕਾਤਲ ਹੋ ਨਿਬੜਿਆ।

ਸਰੋਤੇ ਸਮਝਣ ਜ਼ਿੰਮੇਵਾਰੀ

ਵਧੀਆ ਗਾਇਕੀ ਦੀ ਵਾਰਿਸ ਤੇ ਬੁਲੰਦ ਆਵਾਜ਼ ਦੀ ਮਾਲਕ ਗਾਇਕਾ ਗਗਨਪ੍ਰੀਤ ਬਠਿੰਡਾ ਨੇ ਕਿੰਨਾ ਸੱਚ ਕਿਹਾ ਹੈ ਕਿ ਕਲਾਕਾਰਾਂ ਦੇ ਨਾਲ-ਨਾਲ ਸਾਡੇ ਲੋਕ ਵੀ ਆਪਣੇ ਅੰਦਰ ਝਾਤੀ ਮਾਰਨ ਕਿ ਅਸੀਂ ਕਿੱਥੇ ਕੁ ਖੜ੍ਹੇ ਹਾਂ। ਨਸ਼ੇ ਤੇ ਅਸਲੇ ਵਾਲੇ ਕਲਚਰ ਦੇ ਗੀਤਾਂ ਵਿਚਲਾ ਭੂਤ ਛੇਤੀ ਕਿਤੇ ਪੰਜਾਬੀਆਂ ਦੇ ਗਲੋਂ ਲੱਥਣ ਵਾਲਾ ਨਹੀਂ ਹੈ। ਇਸ ਦੇ ਲਈ ਸਰੋਤਿਆਂ ਨੂੰ ਖ਼ੁਦ ਅੱਗੇ ਆਉਣਾ ਪਵੇਗਾ। ਦੂਸਰਿਆਂ ਤੋਂ ਆਸ ਰੱਖਣੀ ਤਾਂ ਮੂਰਖ਼ਤਾ ਹੀ ਹੋਵੇਗੀ। ਲੱਚਰ ਗਾਇਕੀ ਨੇ ਤਾਂ ਪੰਜਾਬੀਆਂ ਦੇ ਅਕਸ ਨੂੰ ਪੂਰੀ ਦੁਨੀਆ ਵਿਚ ਢਾਅ ਲਾਈ ਹੈ। ਫਿਰ ਵੀ ਜੇ ਸਰਕਾਰ ਚਾਹੁੰਦੀ ਹੈ ਕਿ ਅਸਲਾ, ਨਸ਼ਾ ਤੇ ਲੱਚਰਤਾ ਵਾਲੇ ਸੰਗੀਤ ਨੂੰ ਠੱਲ੍ਹ ਪਏ ਤਾਂ ਮਾਂ ਬੋਲੀ ਦੇ ਚਿੰਤਕਾਂ ਦੀ ਇਕ ਕਮੇਟੀ ਕਾਇਮ ਕਰ ਉਸ ਨੂੰ ਪੂਰਨ ਅਧਿਕਾਰ ਦਿੱਤੇ ਜਾਣ।

ਗੀਤਾਂ ਦੀ ਸਕਰੀਨਿੰਗ ਕਰ ਕੇ ਉਨ੍ਹਾਂ ਨੂੰ ਚੈਨਲ 'ਤੇ ਵਿਖਾਇਆ ਜਾਵੇ। ਯੂ-ਟਿਊਬ ਰਾਹੀਂ ਮਾੜੇ ਗੀਤਾਂ ਦਾ ਪ੍ਰਚਾਰ ਕਰਨ ਵਾਲੇ ਕਲਾਕਾਰਾਂ ਨੂੰ ਉਨ੍ਹਾਂ ਦੇ ਗੀਤਾਂ ਲਈ ਜਵਾਬ ਦੇਹ ਬਣਾਇਆ ਜਾਵੇ। ਚੈਨਲਾਂ 'ਤੇ ਸ਼ਿਕੰਜਾ ਕਸਣ ਦੇ ਨਾਲ-ਨਾਲ ਮਾਰਕੀਟ ਦੇ ਅੰਦਰ ਵੀ ਗੀਤਾਂ ਦੀ ਪੜਤਾਲ ਕੀਤੀ ਜਾਵੇ। ਮਾਂ-ਬੋਲੀ ਦਾ ਨੁਕਸਾਨ ਕਰਦੇ ਛੁਕਰੇ ਕਲਾਕਾਰਾਂ ਨੂੰ ਰੋਕਣ ਦੀ ਨੀਤੀ ਤਿਆਰ ਕਰਨ ਦੀ ਅੱਜ ਵੱਡੀ ਲੋੜ ਹੈ ਤਾਂ ਕਿ ਪੰਜਾਬ ਦੀ ਨੌਜਵਾਨੀ ਤੇ ਵਿਰਸੇ ਦਾ ਬੇਰਹਿਮੀ ਨਾਲ ਘਾਣ ਕਰ ਰਹੇ ਇਹ ਲੋਕ ਹੋਸ਼ ਵਿਚ ਆਉਣ ਨਹੀਂ ਤਾਂ ਕਮਿਸ਼ਨ, ਮਿਸ਼ਨ ਤੇ ਕਮੇਟੀਆਂ ਬਣਾ ਗੱਲੀਂ-ਬਾਤੀਂ ਕੀਤੇ ਯਤਨ ਕਿਸੇ ਵੀ ਤਰ੍ਹਾਂ ਸਾਡੇ ਤਿਲ-ਤਿਲ ਕਰ ਕੇ ਦਮ ਤੋੜ ਰਹੇ ਸੱਭਿਆਚਾਰ ਨੂੰ ਬਚਾਉਣ ਵਿਚ ਸਹਾਈ ਨਹੀਂ ਹੋਣਗੇ। ਇਸ ਦੇ ਨਾਲ ਹੀ ਸਰੋਤੇ ਵੀ ਆਪਣੀ ਜ਼ਿੰਮੇਵਾਰੀ ਸਮਝਣ ਤੇ ਚੰਗੇ ਗੀਤ ਗਾਉਣ ਵਾਲੇ ਗਾਇਕਾਂ ਨੂੰ ਪਹਿਲ ਦੇਣ। •

ਸੱਭਿਆਚਾਰ ਮਿਸ਼ਨ ਦਾ ਗਠਨ

ਲੱਚਰ ਗਾਇਕੀ ਨੂੰ ਠੱਲ੍ਹ ਪਾਉਣ ਲਈ ਜਦੋਂ ਚਿੰਤਕਾਂ ਨੇ ਸਰਕਾਰ ਨੂੰ ਜਗਾਇਆ ਅਤੇ ਹਾਲਾਤਾਂ ਤੋਂ ਜਾਣੂ ਕਰਵਾਉਣ 'ਤੇ ਕਾਫ਼ੀ ਜੱਦੋ-ਜ਼ਹਿਦ ਤੋਂ ਬਾਅਦ ਸਰਕਾਰ ਵੱਲੋਂ ਪੰਜਾਬ ਕਲਾ ਪ੍ਰੀਸ਼ਦ ਦੀ ਦੇਖ ਰੇਖ ਹੇਠ 'ਪੰਜਾਬ ਸੱਭਿਆਚਾਰ ਮਿਸ਼ਨ' ਨਾਂ ਦੀ ਇਕ ਸੰਸਥਾ ਦਾ ਗਠਨ ਕੀਤਾ ਗਿਆ। ਚੰਗੇ ਨਾਮੀ ਕਲਾਕਾਰਾਂ ਅਤੇ ਸਾਹਿਤਕਾਰਾਂ ਨੂੰ ਇਸ ਦੇ ਕਰਤਾ-ਧਰਤਾ ਥਾਪ ਲੱਚਰ, ਅਸਲੇ ਅਤੇ ਨਸ਼ੇ ਨੂੰ ਹੱਲਾਸ਼ੇਰੀ ਦਿੰਦੇ ਗੀਤਾਂ 'ਤੇ ਨਕੇਲ ਕਸਣ ਲਈ ਵਿਚਾਰਾਂ ਕੀਤੀਆਂ ਗਈਆਂ। ਮਾਂ-ਬੋਲੀ ਦੇ ਸ਼ੁਭਚਿੰਤਕਾਂ ਨੂੰ ਆਸ ਵੱਝੀ ਕਿ ਹੋ ਸਕਦਾ ਹੈ ਕਿ ਹੁਣ ਕੁਝ ਭਲੇ ਦੀ ਗੱਲ ਹੋਵੇ। ਪਰ ਕਈਆਂ ਨੇ ਚਿੰਤਾ ਜ਼ਾਹਰ ਕੀਤੀ ਸੀ ਕਿ ਇਹ ਮਿਸ਼ਨ ਬੇਲਗਾਮ ਹੋ ਚੁੱਕੀ ਗਾਇਕੀ ਤੇ ਗੀਤਕਾਰੀ ਨੂੰ ਜਾਬਤੇ ਵਿਚ ਕਰਨ ਲਈ ਕਾਰਗਰ ਸਾਬਤ ਨਹੀਂ ਹੋਵੇਗਾ। ਜਿਉਂ-ਜਿਉਂ ਦਿਨ ਤੇ ਮਹੀਨੇ ਬੀਤ ਰਹੇ ਨੇ ਉਸ ਤੋਂ ਸਾਫ਼ ਜ਼ਾਹਿਰ ਹੋ ਰਿਹਾ ਹੈ ਕਿ ਇਹ ਮਿਸ਼ਨ ਵੀ ਸਿਰਫ਼ ਗੱਲਾਂ ਦੀ ਪੈਦਾਇਸ਼ ਹੀ ਹੈ ਕਿਉਂਕਿ ਮਿਸ਼ਨ ਦਾ ਗਠਨ ਹੋਇਆਂ ਕਾਫ਼ੀ ਸਮਾਂ ਬੀਤ ਚੁੱਕਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਅਜੇ ਤਕ ਮਿਸ਼ਨ ਦੇ ਕਿਸੇ ਅਹੁਦੇਦਾਰ ਵੱਲੋਂ ਮਾੜਾ ਗਾਉਣ ਵਾਲੇ ਕਲਾਕਾਰਾਂ 'ਤੇ ਕਾਰਵਾਈ ਲਈ ਸਿਫ਼ਾਰਿਸ਼ ਤਾਂ ਦੂਰ ਦੀ ਗੱਲ ਕੋਈ ਫੋਕਾ ਬਿਆਨ ਵੀ ਜਾਰੀ ਨਹੀਂ ਕੀਤਾ ਹੈ। ਸੋ ਸਪੱਸ਼ਟ ਹੈ ਕਿ ਹੁਣ ਪੰਜਾਬੀ ਇਸ ਮਿਸ਼ਨ ਤੋਂ ਕੋਈ ਆਸ ਨਾ ਰੱਖਣ ਤਾਂ ਚੰਗਾ ਹੈ। ਪਹਿਲਾਂ ਇਸ ਦੇ ਗਠਨ 'ਤੇ ਵੀ ਕਾਫ਼ੀ ਹੋ-ਹੱਲਾ ਹੋਇਆ ਸੀ ਅਤੇ ਇਸ ਵਿਚ ਸ਼ਾਮਲ ਕਈ ਕਲਾਕਾਰਾਂ ਦੇ ਗੀਤਾਂ 'ਤੇ ਲੋਕਾਂ ਨੇ ਸ਼ਰੇਆਮ ਉਂਗਲੀਆਂ ਚੁੱਕੀਆਂ ਸਨ। ਮਾਰਕੀਟ ਵਿਚ ਹੁਣ ਵੀ ਧੜਾਧੜ ਅਸ਼ਲੀਲ, ਨਸ਼ੇ ਤੇ ਅਸਲੇ ਨੂੰ ਪ੍ਰਚਾਰਦੇ ਗੀਤਾਂ ਦਾ ਬੋਲਬਾਲਾ ਜਿਉਂ ਦਾ ਤਿਉਂ ਬਰਕਰਾਰ ਹੈ। ਕਈ ਫੁਕਰੇ ਕਲਾਕਾਰ ਅੱਜ ਵੀ ਮੋਢੇ ਬੰਦੂਕ ਪਾਈ ਗੀਤਾਂ ਵਿਚ ਜੀਪਾਂ 'ਤੇ ਖੜ੍ਹ ਪਿੰਡਾਂ ਅੰਦਰ ਬਦਮਾਸ਼ਾਂ ਦੀ ਤਰ੍ਹਾਂ ਵਿਚਰਦੇ ਚਿੱਟੇ ਦਿਨ ਵਿਖਾਈ ਦਿੰਦੇ ਹਨ। ਦੂਜੇ ਪਾਸੇ ਮਿਸ਼ਨ ਦੇ ਆਗੂ ਅਜੇ ਵੀ ਚੁੱਪ ਨੇ।

ਸਿਨੇਮਾ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ

ਕਾਲਾ ਸਿੰਘ ਸੈਣੀ

ਕਾਫ਼ੀ ਸਮਾਂ ਪੰਜਾਬੀ ਫਿਲਮਾਂ ਵਿਚ ਨਾਇਕ-ਨਾਇਕਾ ਦੇ ਪਿਆਰ ਅਤੇ ਮਾਰਧਾੜ ਵਾਲੀਆਂ ਕਹਾਣੀਆਂ ਵਾਲਾ ਦੌਰ ਦਰਸ਼ਕਾਂ ਤੇ ਭਾਰੂ ਰਿਹਾ। ਨਿਰਮਾਤਾ ਤੇ ਨਿਰਦੇਸ਼ਕ ਮਨਮੋਹਣ ਸਿੰਘ ਵੱਲੋਂ ਫਿਲਮ 'ਜੀ ਆਇਆਂ ਨੂੰ' ਦੀ ਕਹਾਣੀ ਨੇ ਪੰਜਾਬੀ ਸਿਨੇਮੇ ਦਾ ਮੁਹਾਂਦਰਾ ਹੀ ਬਦਲ ਦਿੱਤਾ। ਹੁਣ ਪੰਜਾਬੀ ਸਿਨੇਮਾ ਆਪਣੇ ਅਮੀਰ ਪੰਜਾਬੀ ਸਾਹਿਤ ਨਾਲ ਜੁੜ ਕੇ ਪਰਿਵਾਰਿਕ ਰਿਸ਼ਤਿਆਂ ਤੇ ਮੋਹ ਦੀਆਂ ਤੰਦਾਂ ਦੀ ਗੱਲ ਕਰਦਾ ਹੋਇਆ ਅੱਗੇ ਵਧ ਰਿਹਾ ਹੈ। ਸਿਨੇਮਾ ਸਿਰਫ਼ ਤੇ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਹੁੰਦਾ ਇਸ ਕੋਲ ਯੁੱਗ ਬਦਲਣ ਦੀ ਅਥਾਹ ਸ਼ਕਤੀ ਵੀ ਹੁੰਦੀ ਹੈ। ਅੱਜ ਪੁਰਾਤਨ ਸੱਭਿਆਚਾਰ ਨੂੰ ਰੂਪਮਾਨ ਕਰਦੀਆਂ ਹੋਈਆਂ ਕੁਝ ਪੰਜਾਬੀ ਫਿਲਮਾਂ ਸਾਡੀ ਪਰਿਵਾਰਿਕ ਜ਼ਿੰਦਗੀ ਦੇ ਖ਼ੂਬਸੂਰਤ ਰਿਸ਼ਤਿਆਂ ਦੀ ਬਾਤ ਪਾਉਂਦੀਆਂ ਹਨ। ਅਜਿਹੀਆਂ ਫਿਲਮਾਂ ਦਾ ਬਣਨਾ ਸਾਡੇ ਵਲਮੁੱਲੇ ਸੱਭਿਆਚਾਰ ਨੂੰ ਸਾਂਭਣ ਦਾ ਯਤਨ ਹੈ। ਇਹ ਵਿਚਾਰ ਮਸ਼ਹੂਰ ਅਦਾਕਾਰਾ ਗੁਰਪ੍ਰੀਤ ਕੌਰ ਭੰਗੂ ਨੇ ਵਿਸ਼ੇਸ਼ ਮੁਲਾਕਾਤ ਦੌਰਾਨ ਸਾਂਝੇ ਕੀਤੇ।

ਰੰਗਮੰਚ ਤੋਂ ਆਪਣੀ ਅਦਾਕਾਰੀ ਦੀ ਸ਼ੁਰੂਆਤ ਕਰਨ ਵਾਲੀ ਗੁਰਪ੍ਰੀਤ ਕੌਰ ਭੰਗੂ ਨੇ ਬੀਏਟਰ ਦੇ ਬਾਬਾ ਬੋਹੜ ਗੁਰਸ਼ਰਨ ਭਾਜੀ ਤੋਂ ਕਲਾ ਦੀਆਂ ਬਰੀਕੀਆਂ ਦਾ ਗਿਆਨ ਹਾਸਲ ਕਰ ਕੇ ਅਨੇਕਾਂ ਨਾਟਕਾਂ ਦੇ ਸਫਲ ਸਟੇਜ ਸ਼ੋਅ ਕਰਦੇ ਹੋਏ ਪ੍ਰਪੱਕ ਅਦਾਕਾਰਾ ਵੱਜੋਂ ਆਪਣੀ ਪਛਾਣ ਬਣਾਈ। ਚੇਤਨਾ ਕਲਾ ਮੰਚ ਸ੍ਰੀ ਚਮਕੌਰ ਸਾਹਿਬ ਦੇ ਬੈਨਰ ਹੇਠ ਉਹ ਸਮਾਜਿਕ ਬੁਰਾਈਆਂ ਪ੍ਰਤੀ ਚਿੰਤਤ ਔਰਤਾਂ ਦੇ ਹੱਕਾਂ ਪ੍ਰਤੀ ਆਵਾਜ਼ ਬੁਲੰਦ ਕਰਦੀ ਆ ਰਹੀ ਹੈ। ਪਾਲੀਵੁੱਡ ਦੀ ਫਿਲਮ 'ਏਕਮ' ਨਾਲ ਗੁਰਪ੍ਰੀਤ ਨੇ ਆਪਣੇ ਫਿਲਮੀ ਸਫ਼ਰ ਦੀ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਭਾਰਤੀ ਰੰਗਮੰਚ ਦੇ ਕਲਾਕਾਰ ਪੰਕਜ ਕਪੂਰ ਦੀ ਹਿੰਦੀ ਫਿਲਮ 'ਮੌਸਮ' ਰਾਹੀਂ ਗੁਰਪ੍ਰੀਤ ਨੇ ਬਾਲੀਵੁੱਡ 'ਚ ਆਪਣੀ ਅਦਾਕਾਰੀ ਦੇ ਜੌਹਰ ਵਿਖਾਏ। ਇਸ ਫਿਲਮ ਵਿਚ ਸੁਪਰਸਟਾਰ ਸ਼ਾਹਿਦ ਕਪੂਰ ਤੇ ਸੋਨਮ ਕਪੂਰ ਦੇ ਨਾਲ ਉਸ ਨੇ ਪੇਂਡੂ ਵਿਰਸੇ 'ਚ ਰੰਗੇ 'ਗੁਸੈਲ ਤਾਈਂ' ਵਾਲੇ ਕਿਰਦਾਰ ਨੇ ਗੁਰਪ੍ਰੀਤ ਨੂੰ ਹੋਰ ਬੁਲੰਦੀਆਂ 'ਤੇ ਪਹੁੰਚਿਆ।

ਮਾਲਵੇ ਦੇ ਰੇਤਲੇ ਟਿੱਬਿਆਂ ਦੇ ਮਸ਼ਹੂਰ ਪਿੰਡ ਬੁਰਜ ਕਾਨੂ

ਗੁਰਪ੍ਰੀਤ ਕੌਰ ਭੰਗੂ

ਰੰਗਮੰਚ ਤੋਂ ਆਪਣੀ ਅਦਾਕਾਰੀ ਦਾ ਸਫ਼ਰ ਸ਼ੁਰੂ ਕਰਨ ਵਾਲੀ ਗੁਰਪ੍ਰੀਤ ਕੌਰ ਭੰਗੂ ਬਾਲੀਵੁੱਡ ਤੇ ਪਾਲੀਵੁੱਡ 'ਚ ਵੀ ਆਪਣੀ ਕਲਾ ਦਾ ਲੋਹਾ ਮੰਨਵਾ ਚੁੱਕੀ ਹੈ...

ਸਿੰਘ ਵਾਲਾ ਵਿਖੇ ਇਕ ਸਧਾਰਨ ਪਰਿਵਾਰ ਦੀ ਜੰਮਪਲ ਗੁਰਪ੍ਰੀਤ ਕੌਰ ਭੰਗੂ ਖ਼ੁਦ ਨੂੰ ਖ਼ੁਸ਼ਕਿਸਮਤ ਸਮਝਦੀ ਹੈ ਕਿ ਕਾਲਜ ਸਮੇਂ ਤੋਂ ਉਸ ਨੂੰ ਐਕਟਿੰਗ ਵਾਲੇ ਪਏ ਸ਼ੌਕ ਨੂੰ ਵਿਆਹ ਤੋਂ ਬਾਅਦ ਵੀ ਉਸ ਦੇ ਜੀਵਨ ਸਾਥੀ ਸਵਰਨ ਸਿੰਘ ਭੰਗੂ ਨੇ ਕਦੇ ਫਿੱਕਾ ਨਹੀਂ ਪੈਣ ਦਿੱਤਾ। ਜ਼ਿਕਰਯੋਗ ਹੈ ਕਿ ਸਵਰਨ ਸਿੰਘ ਭੰਗੂ ਅਤੇ ਗੁਰਪ੍ਰੀਤ ਕੌਰ ਭੰਗੂ ਨੇ ਇਕ 'ਆਦਰਸ਼ ਚੈਰੀਟੇਬਲ ਟਰੱਸਟ' ਬਣਾਇਆ ਹੋਇਆ ਹੈ। ਜਿੱਥੇ ਸਵਰਨ ਸਿੰਘ ਭੰਗੂ ਬਤੌ ਡਾਇਰੈਕਟਰ ਸੇਵਾ ਨਿਭਾ ਰਿਹਾ ਹੈ।

ਮੱਥੇ ਦੀਆਂ ਝੁਰੜੀਆਂ ਅ ਗੁੱਸੇ ਵਾਲਾ ਚਿਹਰਾ, ਅੰਦ ਕੋਮਲ ਦਿਲ ਗੁਰਪ੍ਰੀਤ ਅਦਾਕਾ ਦਾ ਵਿਲੱਖਣ ਮੁਜੱਸਮਾ ਹੈ। ਉ ਦੇ ਹਰੇਕ ਕਿਰਦਾਰ ਨੂੰ ਦਰਸ਼ ਵੱਲੋਂ ਖ਼ੂਬ ਪਸੰਦ ਕੀਤਾ ਗਿ ਹੈ। ਗੁਰਪ੍ਰੀਤ ਨੇ ਹੁਣ ਤਕ ਪੰਜਾ ਫਿਲਮਾਂ 'ਚ ਮਾਂ ਦਾ ਕਿਰਦ ਜ਼ਿਆਦਾ ਨਿਭਾਇਆ ਹੈ। ਹਿੰ ਪੰਜਾਬੀ ਫਿਲਮਾਂ 'ਅਰਦਾਸ 'ਆਸੀਸ' ਅਤੇ 'ਹਰਜੀਤਾ', ਵਿਚ ਉਸ ਦੇ ਮਾਂ ਵਾਲੇ ਵਿਲੱਖ ਕਿਰਦਾਰਾਂ ਨੂੰ ਦਰਸ਼ਕਾਂ ਨੇ ਖ਼ੂ ਪਸੰਦ ਕੀਤਾ। ਅਦਾਕਾਰੀ ਦੇ ਖੇ 'ਚ ਵੱਖਰੀ ਪਛਾਣ ਕਾਇਮ ਕ ਵਾਲੀ ਗੁਰਪ੍ਰੀਤ ਨੇ ਹਿੰਦੀ ਫਿਲ 'ਬਿੱਟੂ ਬੌਸ' ਤੋਂ ਇਲਾਵਾ ਪੰਜਾ ਸਿਨਮੇ ਦੀਆਂ 'ਨਿੱਕਾ ਜ਼ੈਲਦਾਰ-: 'ਮਿੱਟੀ', 'ਕੱਚੇ ਧਾਗੇ', 'ਢੋਲ ਰੱਤ 'ਜੱਗਾ ਜਿਊਂਦਾ ਹੈ', 'ਸ਼ਰੀ 'ਉਡੀਕ', 'ਵਧਾਈਆਂ ਵਧਾਈਆਂ', 'ਲੋਗ ਲਾਚੀ', 'ਮ ਗਏ ਓਏ ਲੋਕੋ' ਆਦਿ ਫਿਲ ਵਿਚ ਕਈ ਅਹਿਮ ਕਿਰਦ ਨਿਭਾਏ ਹਨ।

ਗੁਰਪ੍ਰੀਤ ਕੌਰ ਭੰਗੂ ਨੇ ਕਿ ਕਿ ਜਲਦੀ ਹੀ ਰਿਲੀਜ਼ ਹੋਣ ਰਹੀ ਪੰਜਾਬੀ ਫਿਲਮ 'ਪ੍ਰਾਹੁਣਾ' ਲੈ ਕੇ ਉਹ ਬੇਹੱਦ ਉਤਸ਼ਾਹਿਤ ਅਤੇ ਇਹ ਫਿਲਮ ਉਸ ਦੇ ਦਿ ਦੇ ਕਾਫ਼ੀ ਕਰੀਬ ਹੈ। ਇਹ ਫਿਲ ਪਰਿਵਾਰਿਕ ਰਿਸ਼ਤਿਆਂ ਦੇ ਮ ਦੀਆਂ ਤੰਦਾਂ ਦੀ ਗੱਲ ਕਰੇਗ ਇਸ ਫਿਲਮ ਤੋਂ ਉਸ ਨੂੰ ਕਾ ਉਮੀਦਾਂ ਹਨ। ਗੁਰਪ੍ਰੀਤ ਦੀ ਅਗਲੀਆਂ ਫਿਲਮਾਂ 'ਚ 'ਅ ਦੀ ਚਿੜੀ', 'ਕਿਸਤਮ', 'ਮੈ ਬਿਸਤਰੇ-2', 'ਮਜਨੂੰ', ਅ 'ਅਫਸਰ' ਆਦਿ ਸ਼ਾਮਲ ਹਨ।

99882-8038

ਮੇਰੀ ਪਹਿਲ ਚੰਗੀ ਗਾਇਕੀ

ਕੁਲਦੀਪ ਸਿੰਘ ਢਿੱਲੋਂ

ਅਜੋਕਾ ਦੌਰ ਮੁਕਾਬਲੇਬਾਜ਼ੀ ਦਾ ਹੈ। ਅੱਜ ਕੱਲ੍ਹ ਹਰ ਖੇਤਰ 'ਚ ਇਕ ਦੂਜੇ ਤੋਂ ਅੱਗੇ ਨਿਕਲਣ ਦੀ ਹੋੜ ਲੱਗੀ ਹੋਈ ਹੈ। ਪੈਸੇ ਦਾ ਯੁੱਗ ਹੋਣ ਕਰ ਕੇ ਹਰ ਕੋਈ ਪੈਸੇ ਦੇ ਜ਼ੋਰ 'ਤੇ ਕਿਸੇ ਨਾ ਕਿਸੇ ਖੇਤਰ 'ਚ ਸਟਾਰ ਬਣਨ ਲਈ ਕਾਹਲਾ ਹੈ। ਪੈਸੇ ਦੇ ਜ਼ੋਰ ਨਾਲ ਬਣੇ ਸਟਾਰ ਜ਼ਿਆਦਾ ਸਮਾਂ ਕਦੇ ਨਹੀਂ ਟਿਕ ਸਕਦੇ ਪਰ ਜੋ ਸਖ਼ਤ ਮਿਹਨਤ ਤੋਂ ਬਾਅਦ ਕਿਸੇ ਖੇਤਰ 'ਚ ਜਾ

ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜਨ ਬਾਰੇ ਮਨਪ੍ਰੀਤ ਬਾਦਲ ਨੇ ਤੋੜੀ ਚੁੱਪੀ

ਸਰਦੂਲ ਸਿੰਘ

ਮਲੋਟ 31 ਅਗਸਤ। ਅਕਾਲੀ ਦਲ ਨਾਲੋਂ ਨਾਤਾ ਤੋੜ ਚੁੱਕੇ ਹਰਦੀਪ ਸਿੰਘ ਡਿੰਪੀ ਨੇ ਆਪਣੇ ਇਸ ਫੈਸਲੇ ਲਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਵੱਲੋਂ ਆਪਣੇ ਚਚੇਰੇ ਭਰਾ ਮਨਪ੍ਰੀਤ ਬਾਦਲ ਨੂੰ ਟਿਕਟ ਦੇਣ ਦੇ ਸੰਕੇਤ ਦਿੱਤੇ ਜਾ ਰਹੇ ਸਨ, ਤੇ ਉਨ੍ਹਾਂ ਨੂੰ ਨਜਰਅੰਦਾਜ ਕੀਤਾ ਜਾ ਰਿਹਾ ਹੈ। ਇਸ ਕਾਰਨ ਉਨ੍ਹਾਂ ਨੇ ਪਾਰਟੀ ਨੂੰ ਛੱਡਣਾ ਹੀ ਬਿਹਤਰ ਸਮਝਿਆ। ਉਧਰ ਮਨਪ੍ਰੀਤ ਬਾਦਲ ਵੱਲੋਂ ਬਿਨਾਂ ਕਿਸੇ ਪਾਰਟੀ ਦਾ ਨਾਂ ਲਏ ਹਲਕੇ ਅੰਦਰ ਚਲਾਈ ਜਾ ਰਹੀ ਚੋਣ ਮੁਹਿੰਮ ਤੋਂ ਵੀ ਇਹੀ ਅੰਦਾਜਾ ਲਗਾਇਆ ਜਾ ਰਿਹਾ ਸੀ ਕਿ ਮਨਪ੍ਰੀਤ ਸਿੰਘ ਬਾਦਲ ਗਿੱਦੜਬਾਹਾ ਤੋਂ ਚੋਣ ਲੜਨਗੇ। ਹਾਲਾਂਕਿ ਇਸ ਮੁਹਿੰਮ ਦੌਰਾਨ ਉਨ੍ਹਾਂ ਵੱਲੋਂ ਕਿਸੇ ਪਾਰਟੀ ਦਾ ਨਾਂ ਨਹੀਂ ਲਿਆ ਜਾ ਰਿਹਾ ਸੀ, ਜਿਸ ਕਰ ਕੇ ਆਮ ਲੋਕਾਂ ਵਿਚ ਡਿੰਪੀ ਢਿੱਲੋਂ ਪ੍ਰਤੀ ਹਮਦਰਦੀ ਦਾ ਰੁਝਾਨ ਬਣ ਰਿਹਾ ਸੀ ਕਿਉਂਕਿ ਡਿੰਪੀ ਨੇ ਦਾਅਵਾ ਕੀਤਾ ਸੀ ਕਿ ਸੁਖਬੀਰ ਬਾਦਲ ਵਲੋਂ ਮਨਪ੍ਰੀਤ ਬਾਦਲ ਨੂੰ ਪਾਰਟੀ ਉਮੀਦਵਾਰ ਬਣਾਇਆ ਜਾ ਸਕਦਾ ਹੈ। ਡਿੰਪੀ ਢਿੱਲੋਂ ਵੱਲੋਂ ਲਗਾਏ ਗਏ ਇਨ੍ਹਾਂ ਇਲਜਾਮਾਂ ਬਾਰੇ ਚੁੱਪੀ ਤੋੜਦੇ ਹੋਏ ਮਨਪ੍ਰੀਤ ਬਾਦਲ ਨੇ ਇਨ੍ਹਾਂ ਇਲਜਾਮਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਲਈ ਭਾਜਪਾ ਛੱਡ ਕੇ ਕਿਸੇ ਹੋਰ ਪਾਰਟੀ 'ਚ ਸ਼ਾਮਲ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਤੋਂ ਬਾਅਦ ਉਨ੍ਹਾਂ ਨੇ ਡਿੰਪੀ ਢਿੱਲੋਂ ਬਾਰੇ ਵੀ ਬੋਲਦਿਆਂ ਕਿਹਾ ਕਿ ਉਹ ਬੜੇ ਲੰਬੇ ਸਮੇਂ ਤੋਂ ਅਕਾਲੀ ਦਲ ਨੂੰ ਛੱਡਣ ਦੀਆਂ ਤਿਆਰੀਆਂ ਕਰ ਰਹੇ ਸਨ ਤੇ ਉਹ ਬਸ ਬਹਾਨਾ ਲੱਭ ਰਹੇ ਸਨ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਕੇਂਦਰੀ ਗ੍ਰਹਿ ਮੰਤਰੀ ਵਲੋਂ ਮਨਪ੍ਰੀਤ ਬਾਦਲ ਨੂੰ ਉਮੀਦਵਾਰ ਵਜੋਂ ਮੁਹਿੰਮ ਚਲਾਉਣ ਲਈ ਕਿਹਾ ਗਿਆ ਹੈ, ਜਿਸ ਮਗਰੋਂ ਮਨਪ੍ਰੀਤ ਨੇ ਗਿੱਦੜਬਾਹਾ ਹਲਕੇ ਦੇ ਪਿੰਡਾਂ 'ਚ ਪੁਰਾਣੇ ਵਰਕਰਾਂ ਨਾਲ ਤਾਲਮੇਲ ਸ਼ੁਰੂ ਕੀਤਾ ਹੈ। ਮਨਪ੍ਰੀਤ ਬਾਦਲ ਤੇ ਉਨ੍ਹਾਂ ਦੀ ਟੀਮ ਇਸ ਮਾਮਲੇ 'ਤੇ ਸਰਗਰਮੀ ਨਾਲ ਕੰਮ ਕਰ ਰਹੇ ਹਨ। ਚੰਡੀਗੜ੍ਹ (ਪ੍ਰੀਕਸ਼ਿਤ) : ਚੰਡੀਗੜ੍ਹ ਸਾਈਬਰ ਥਾਣਾ ਪੁਲਸ ਨੇ ਇਕ ਸਰਕਾਰੀ ਰਿਟਾਇਰਡ ਅਧਿਕਾਰੀ ਪੈਸੇ ਨਿਵੇਸ਼ ਕਰ ਕੇ ਚੰਗਾ ਮੁਨਾਫ਼ਾ ਕਮਾਉਣ ਦਾ ਝਾਂਸਾ ਦੇ ਕੇ ਇੱਕ ਕਰੋੜ 68 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ 'ਚ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਫੜੇ ਗਏ ਮੁਲਜ਼ਮਾਂ ਦੀ ਪਛਾਣ ਪਟਿਆਲਾ ਦੇ ਰਹਿਣ ਵਾਲੇ ਸਾਹਿਲ ਅਤੇ ਬਲਵਿੰਦਰ ਵਜੋਂ ਹੋਈ ਹੈ। ਧੋਖੇਬਾਜ਼ ਇੰਨੇ ਚਲਾਕ ਸਨ ਕਿ ਸ਼ੁਰੂ ਵਿਚ ਨਿਵੇਸ਼ ਕੀਤੇ ਪੈਸੇ 'ਤੇ ਪੀੜਤ ਨੂੰ ਚੰਗਾ ਮੁਨਾਫਾ ਦਿਖਾਇਆ। ਫਿਰ ਬਾਅਦ ਵਿਚ ਜਦੋਂ ਉਸ ਨੇ ਪੈਸੇ ਕਢਵਾਉਣ ਦੀ ਕੋਸ਼ਿਸ਼ ਕੀਤੀ ਤਾਂ ਮੁਲਜ਼ਮਾਂ ਨੇ ਉਸ ਦਾ ਖਾਤਾ ਹੀ ਬਲਾਕ ਕਰ ਦਿੱਤਾ। ਮਾਮਲੇ 'ਚ ਸਾਈਬਰ ਥਾਣਾ ਪੁਲਸ ਨੇ ਪੀੜਤ ਰਿਟਾਇਰਡ ਅਧਿਕਾਰੀ ਦੀ ਸ਼ਿਕਾਇਤ 'ਤੇ ਮੁਲਜ਼ਮਾਂ ਖਿਲਾਫ ਧੋਖਾਧੜੀ ਸਮੇਤ ਹੋਰ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਸੀ। ਮਾਮਲੇ ਦੀ ਜਾਂਚ ਦੌਰਾਨ ਪੁਲਸ ਨੇ ਇਨ੍ਹਾਂ ਦੋਵਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਪੁਲਸ ਰਿਮਾਂਡ 'ਤੇ ਲੈ ਲਿਆ ਹੈ। ਮੁਲਜ਼ਮਾਂ ਨੂੰ ਰਿਮਾਂਡ 'ਤੇ ਲੈ ਕੇ ਪੁਲਸ ਇਸ ਧੋਖਾਧੜੀ ਕਰਨ ਵਾਲੇ ਗਰੋਹ ਦੇ ਸਰਗਨਾ ਦਾ ਪਤਾ ਲਾਉਣ 'ਚ ਲੱਗੀ ਹੈ, ਜੋ ਕਿ ਫਿਲਹਾਲ ਫਰਾਰ ਦੱਸਿਆ ਜਾ ਰਿਹਾ ਹੈ।

ਪੀੜਤ ਦੀ ਸ਼ਿਕਾਇਤ 'ਤੇ ਖਾਤੇ 'ਚੋਂ ਟਰਾਂਸਫਰ ਕੀਤੇ ਗਏ ਪੈਸਿਆਂ ਦਾ ਮਨੀ ਟ੍ਰੇਲ ਪਤਾ ਲਗਾਉਂਦੇ ਹੋਏ ਸਾਈਬਰ ਥਾਣਾ ਪੁਲਸ ਨੇ ਪਾਇਆ ਕਿ ਪੀੜਤ ਦੇ ਖਾਤੇ 'ਚੋਂ ਟਰਾਂਸਫਰ ਕੀਤੀ ਗਈ ਰਕਮ 'ਚੋਂ 5 ਲੱਖ ਰੁਪਏ ਬਲਵਿੰਦਰ ਨਾਂ ਦੇ ਵਿਅਕਤੀ ਦੇ ਖਾਤੇ 'ਚ ਗਏ ਹਨ। ਇਸ ਤੋਂ ਬਾਅਦ ਪੁਲਸ ਨੇ ਮੁਲਜ਼ਮ ਬਲਵਿੰਦਰ ਦੇ ਬੈਂਕ ਖਾਤੇ ਦੀ ਮਦਦ ਨਾਲ ਉਸ ਦਾ ਪਤਾ ਲੱਭਿਆ ਅਤੇ ਉਸ ਦੇ ਨਾਲ ਹੀ ਇੱਕ ਹੋਰ ਮੁਲਜ਼ਮ ਸਾਹਿਲ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਸ ਸੂਤਰਾਂ ਅਨੁਸਾਰ ਰਿਮਾਂਡ ਦੌਰਾਨ ਮੁਲਜ਼ਮ ਬਲਵਿੰਦਰ ਨੇ ਪੁਲਸ ਦੇ ਸਾਹਮਣੇ ਖੁਲਾਸਾ ਕੀਤਾ ਹੈ ਕਿ ਉਸ ਨੇ ਆਪਣਾ ਬੈਂਕ ਖਾਤਾ ਧੋਖਾਧੜੀ ਦੀ ਇਸ ਸਾਰੀ ਖੇਡ ਦੇ ਮਾਸਟਰਮਾਈਂਡ ਨੂੰ ਸਿਰਫ਼ 4 ਹਜ਼ਾਰ ਰੁਪਏ ਵਿਚ ਵੇਚਿਆ ਸੀ। ਫੜੇ ਗਏ ਮੁਲਜ਼ਮ ਵੱਲੋਂ ਰਿਮਾਂਡ ਦੌਰਾਨ ਕੀਤੇ ਗਏ ਇਸ ਖ਼ੁਲਾਸੇ ਤੋਂ ਬਾਅਦ ਪੁਲਸ ਠੱਗੀ ਦੇ ਇਸ ਗਰੋਹ ਦੇ ਫਰਾਰ ਚੱਲ ਰਹੇ ਸਰਗਨਾ ਦਾ ਪਤਾ ਲਗਾਉਣ 'ਚ ਲੱਗੀ ਹੈ। ਸੈਕਟਰ-40 ਦੇ ਰਹਿਣ ਵਾਲੇ ਅਮਰ ਵੀਰ ਸਿੰਘ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਸੀ ਕਿ ਉਸ ਦੇ ਮੋਬਾਈਲ 'ਤੇ ਇੱਕ ਮੈਸੇਜ ਆਇਆ ਸੀ, ਜਿਸ 'ਚ ਨਿਵੇਸ਼ ਕਰਨ 'ਤੇ ਜ਼ਿਆਦਾ ਵਿਆਜ ਦਰਾਂ 'ਤੇ ਮੁਨਾਫ਼ਾ ਮਿਲਣ ਦਾ ਵਾਅਦਾ ਕੀਤਾ ਗਿਆ ਸੀ। ਮੈਸੇਜ ਪੜ੍ਹਨ ਤੋਂ ਬਾਅਦ ਉਸ ਨੇ ਹੇਠਾਂ ਦਿੱਤੇ ਨੀਲੇ ਲਿੰਕ 'ਤੇ ਕਲਿੱਕ ਕੀਤਾ ਤਾਂ ਉਹ ਇੱਕ ਆਨਲਾਈਨ ਗਰੁੱਪ ਨਾਲ ਜੁੜ ਗਿਆ। ਉਸ ਗਰੁੱਪ ਵਿਚ 100 ਤੋਂ ਵੱਧ ਗਰੁੱਪ ਮੈਂਬਰਾਂ ਨੂੰ ਪੈਸੇ ਨਿਵੇਸ਼ ਕਰਕੇ ਚੰਗਾ ਮੁਨਾਫ਼ਾ ਕਮਾਉਣ ਨੂੰ ਲੈ ਕੇ ਦਿਸ਼ਾ-ਨਿਰਦੇਸ਼ ਦਿੱਤੇ ਜਾ ਰਹੇ ਸਨ। ਇਸ ਤੋਂ ਬਾਅਦ ਗਰੁੱਪ 'ਚ ਸ਼ਾਮ ਨੂੰ ਇੱਕ ਮੈਂਬਰ ਨੇ ਅਮਰ ਵੀਰ ਸਿੰਘ ਦਾ ਖਾਤਾ ਬਣਾ ਕੇ ਉਸ ਨੂੰ ਸ਼ੁਰੂ ਵਿਚ ਥੋੜ੍ਹੀ ਜਿਹੀ ਰਕਮ ਨਿਵੇਸ਼ ਕਰਨ ਲਈ ਕਿਹਾ। ਪੀੜਤ ਦੁਆਰਾ ਪਹਿਲੇ ਨਿਵੇਸ਼ ਤੋਂ ਬਾਅਦ ਉਸ ਦੇ ਖਾਤੇ ਵਿਚ ਚੰਗਾ ਵਾਧਾ ਦਿਖਾਈ ਦੇਣ ਲੱਗਾ। ਇਸ ਤੋਂ ਬਾਅਦ ਸ਼ਾਤਿਰ ਧੋਖੇਬਾਜਾਂ ਨੇ ਰਿਟਾਇਰਡ ਅਧਿਕਾਰੀ ਨੂੰ ਹੋਰ ਜ਼ਿਆਦਾ ਪੈਸੇ ਲਗਾਉਣ ਲਈ ਪ੍ਰੇਰਿਤ ਕੀਤਾ। ਇਸ ਤਰ੍ਹਾਂ ਉਸ ਨੇ ਮੁਲਜ਼ਮਾਂ ਵੱਲੋਂ ਦੱਸੇ ਗਏ ਖਾਤੇ 'ਚ ਕੁੱਲ 1 ਕਰੋੜ 68 ਲੱਖ ਰੁਪਏ ਦਾ ਨਿਵੇਸ਼ ਕਰਦੇ ਹੋਏ ਟਰਾਂਸਫਰ ਕਰ ਦਿੱਤੇ। ਇਸ ਨਿਵੇਸ਼ ਤੋਂ ਬਾਅਦ ਮੁਲਜ਼ਮ ਧੋਖੇਬਾਜ਼ ਉਸ ਨੂੰ ਮੁਨਾਫਾ ਦਿਵਾਉਣ ਵਿਚ ਅਸਫਲ ਰਹੇ ਅਤੇ ਇਸ ਤੋਂ ਬਾਅਦ ਵੀ ਉਹ ਉਸ ਨੂੰ ਵਾਧੂ ਰਕਮ ਨਿਵੇਸ਼ ਕਰਨ ਲਈ ਕਹਿਣ ਲੱਗੇ। ਇਸ ਤੋਂ ਬਾਅਦ ਸ਼ਿਕਾਇਤਕਰਤਾ ਅਮਰ ਵੀਰ ਸਿੰਘ ਨੂੰ ਅਹਿਸਾਸ ਹੋਇਆ ਕਿ ਉਹ ਆਨਲਾਈਨ ਧੋਖਾਧੜੀ ਦਾ ਸ਼ਿਕਾਰ ਹੋ ਗਿਆ ਹੈ ਅਤੇ ਉਸ ਨੇ ਮਾਮਲੇ ਦੀ ਸ਼ਿਕਾਇਤ ਸੈਕਟਰ 17 ਸਥਿਤ ਸਾਈਬਰ ਪੁਲਸ ਥਾਣੇ ਵਿਚ ਦਰਜ ਕਰਵਾਈ। ਪੁਲਸ ਨੇ ਪੀੜਤ ਦੀ ਸ਼ਿਕਾਇਤ 'ਤੇ ਕੀਤੀ ਮੁੱਢਲੀ ਜਾਂਚ ਦੇ ਆਧਾਰ 'ਤੇ ਮਾਮਲਾ ਦਰਜ ਕਰਕੇ ਤਫ਼ਤੀਸ਼ ਦੌਰਾਨ ਪਟਿਆਲਾ ਦੇ ਰਹਿਣ ਵਾਲੇ ਇਨ੍ਹਾਂ ਦੋਵਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਸੰਸਦ ਮੈਂਬਰ ਨੂੰ ਈ.ਡੀ. ਨੇ ਲਗਾਇਆ 908 ਕਰੋੜ ਦਾ ਜੁਰਮਾਨਾ

ਨਵੀਂ ਦਿੱਲੀ 31 ਅਗਸਤ। ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਬੁੱਧਵਾਰ ਨੂੰ ਕਿਹਾ ਕਿ ਦ੍ਰਵਿੜ ਮੁਨੇਤਰ ਕੜਗਮ (ਡੀ.ਐੱਮ.ਕੇ.) ਦੇ ਸੰਸਦ ਮੈਂਬਰ ਐੱਸ. ਜਗਤਰਕਸ਼ਕਨ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਖ਼ਿਲਾਫ ਵਿਦੇਸੀ ਮੁਦਰਾ ਨਿਯਮਾਂ ਦੀ ਉਲੰਘਣਾ ਨਾਲ ਸਬੰਧਤ ਇਕ ਮਾਮਲੇ 908 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ ਗਿਆ ਹੈ। ਏਜੰਸੀ ਨੇ ਇਕ ਬਿਆਨ ਜਾਰੀ ਕਰਕੇ ਕਿਹਾ ਕਿ ਸਤੰਬਰ 2020 'ਚ ਜਬਤ ਕੀਤੀਆਂ ਗਈਆਂ 89.19 ਕਰੋੜ ਰੁਪਏ ਦੀਆਂ ਜਾਇਦਾਦਾਂ ਨੂੰ 26 ਅਗਸਤ ਨੂੰ ਜਾਰੀ ਇਕ ਆਦੇਸ਼ ਤੋਂ ਬਾਅਦ ਵਿਦੇਸੀ ਮੁਦਰਾ ਪ੍ਰਬੰਧਨ ਐਕਟ (ਫੇਮਾ) ਦੇ ਤਹਿਤ ਜਬਤ ਕਰ ਲਈਆਂ ਗਈਆਂ। ਜਗਤਰਕਸਕਨ (76) ਅਰਾਕੋਨਮ ਲੋਕ ਸਭਾ ਸੀਟ ਦੀ ਨੁਮਾਇੰਦਗੀ ਕਰਦੇ ਹਨ। ਏਜੰਸੀ ਨੇ ਕਿਹਾ ਕਿ ਸੰਸਦ ਮੈਂਬਰ, ਉਸ ਦੇ ਪਰਿਵਾਰਕ ਮੈਂਬਰਾਂ ਅਤੇ ਸਬੰਧਤ

ਭਾਰਤੀ ਇਕਾਈ ਖ਼ਿਲਾਫ ਫੇਮਾ ਜਾਂਚ ਸ਼ੁਰੂ ਕੀਤੀ ਗਈ ਸੀ। ਜਗਤਰਕਸਕਨ ਤਾਮਿਲਨਾਡੂ ਦਾ ਇਕ ਵਪਾਰੀ ਵੀ ਹੈ। ਉਸ ਨੇ ਕਿਹਾ ਕਿ ਇਸ ਜਾਂਚ ਦੇ ਨਤੀਜੇ ਵਜੋਂ 11 ਸਤੰਬਰ 2020 ਨੂੰ ਸੰਸਦ ਮੈਂਬਰ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਦੇ ਨਾਮ 'ਤੇ ਵੱਖ-ਵੱਖ ਚੱਲ ਅਤੇ ਅਚੱਲ ਜਾਇਦਾਦਾਂ ਲਈ ਫੇਮਾ ਦੀ ਧਾਰਾ 37 ਏ ਦੇ ਤਹਿਤ ਇਕ ਜਬਤੀ ਆਦੇਸ਼ ਪਾਸ ਕੀਤਾ ਗਿਆ। ਇਨ੍ਹਾਂ ਦੀ ਕੀਮਤ 89.19 ਕਰੋੜ ਰੁਪਏ ਹੈ। ਈ.ਡੀ. ਨੇ ਕਿਹਾ,"ਫੇਮਾ ਦੀ ਧਾਰਾ 37ਏ ਦੇ ਤਹਿਤ ਜਬਤ ਕੀਤੀ ਗਈ 89.19 ਕਰੋੜ ਰੁਪਏ ਦੀ ਜਾਇਦਾਦ ਨੂੰ ਕੁਰਕ ਕਰਨ ਦਾ ਆਦੇਸ਼ ਵੀ ਦਿੱਤਾ ਗਿਆ ਸੀ ਅਤੇ 26/08/2024 ਦੇ ਆਦੇਸ਼ ਦੇ ਤਹਿਤ 908 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ ਗਿਆ ਸੀ।"

ਮੀਂਹ ਕਾਰਨ ਵਾਪਰਿਆ ਵੱਡਾ ਹਾਦਸਾ, ਪਿੱਲਰ ਡਿੱਗਣ 'ਤੇ ਡਿੱਗਿਆ ਮਕਾਨ

ਮੈਨਪੁਰੀ ਨਿਊਜ 31 ਅਗਸਤ। ਉੱਤਰ ਪ੍ਰਦੇਸ਼ ਵਿੱਚ ਅੱਜ ਸਵੇਰ ਤੋਂ ਹੀ ਮੀਂਹ ਦਾ ਸਿਲਸਿਲਾ ਜਾਰੀ ਹੈ। ਇਸੇ ਦੌਰਾਨ ਮੀਂਹ ਕਾਰਨ ਮੈਨਪੁਰੀ ਵਿੱਚ ਵੱਡਾ ਹਾਦਸਾ ਵਾਪਰ ਗਿਆ। ਇੱਥੇ ਸਵੇਰੇ ਇੱਕ ਸੇਵਾਮੁਕਤ ਸਿਪਾਹੀ ਦੇ ਘਰ ਦਾ ਲੈਂਟਰ ਅਚਾਨਕ ਇੱਕ ਥੰਮ੍ਹ ਡਿੱਗਣ ਨਾਲ ਡਿੱਗ ਗਿਆ। ਇਸ ਦੌਰਾਨ ਤਿੰਨ ਔਰਤਾਂ ਮਲਬੇ ਹੇਠ ਦੱਬ ਗਈਆਂ। ਹਾਦਸੇ ਵਿੱਚ ਤਿੰਨਾਂ ਦੀ ਮੌਤ ਹੋ ਗਈ। ਹਾਦਸੇ ਤੋਂ ਬਾਅਦ ਮੌਕੇ 'ਤੇ ਹਾਹਾਕਾਰ ਮੱਚ ਗਈ। ਪੁਲਸ ਨੂੰ ਮਾਮਲੇ ਦੀ ਸੂਚਨਾ ਦਿੱਤੀ ਗਈ। ਮੌਕੇ 'ਤੇ ਪਹੁੰਚੀ ਪੁਲਸ ਨੇ ਪਿੰਡ ਵਾਸੀਆਂ ਦੀ ਮਦਦ ਨਾਲ ਮਲਬਾ ਹਟਾ ਕੇ ਤਿੰਨਾਂ ਲਾਸਾਂ ਨੂੰ ਬਾਹਰ ਕੱਢਿਆ। ਜਾਣਕਾਰੀ ਮੁਤਾਬਕ ਇਹ ਹਾਦਸਾ ਜ਼ਿਲ੍ਹੇ ਦੇ ਬਿਚਵਾਨ ਇਲਾਕੇ ਦੇ ਪਿੰਡ ਵਿਰਾਮਪੁਰ 'ਚ ਵਾਪਰਿਆ। ਇੱਥੋਂ ਦਾ ਰਹਿਣ ਵਾਲਾ ਸੇਵਾਮੁਕਤ ਸਿਪਾਹੀ ਕੌਸਲੇਂਦਰ ਯਾਦਵ ਵੀਰਵਾਰ ਸਵੇਰੇ ਆਪਣੇ ਘਰ ਦੇ ਬਾਹਰ ਬੰਨ੍ਹੇ ਪਸ਼ੂਆਂ ਨੂੰ ਚਾਰ ਰਿਹਾ ਸੀ। ਨੂੰਹ ਨੀਲਮ (32) ਪਤਨੀ ਸੁਨੀਲ, ਪ੍ਰੀਤੀ (28) ਪਤਨੀ ਸੰਜੀਵ, ਅਨੁਪਮ (25) ਪਤਨੀ ਰਜਨੀਸ ਘਰ ਦਾ ਕੰਮ ਸੰਭਾਲ ਰਹੀਆਂ ਸਨ। ਫਿਰ ਮੀਂਹ ਕਾਰਨ ਕਮਜੋਰ ਹੋ ਗਿਆ ਥੰਮ੍ਹ ਅੰਦਰ ਜਾ ਵੜਿਆ ਅਤੇ ਘਰ ਦੀਆਂ ਤਿੰਨ ਔਰਤਾਂ 'ਤੇ ਡਿੱਗ ਪਈਆਂ। ਧਮਾਕੇ ਤੋਂ ਬਾਅਦ ਆਸਪਾਸ ਦੇ ਲੋਕ ਮੌਕੇ 'ਤੇ ਪਹੁੰਚ ਗਏ। ਘਟਨਾ ਵਾਪਰਨ 'ਤੇ ਮੌਕੇ 'ਤੇ ਰੌਲਾ ਪੈ ਗਿਆ। ਸੂਚਨਾ ਮਿਲਣ ਤੋਂ ਬਾਅਦ ਬਿਛਵਾਂ, ਭੋਗਾਂ ਆਦਿ ਥਾਣਿਆਂ ਦੀ ਫੋਰਸ ਪਿੰਡ ਵਿੱਚ ਪਹੁੰਚ ਗਈ। ਕਰੀਬ ਇੱਕ ਘੰਟੇ ਤੱਕ ਚੱਲੀ ਸਖਤ ਮਿਹਨਤ ਤੋਂ ਬਾਅਦ ਮਲਬਾ ਹਟਾ ਕੇ ਨੀਲਮ, ਪ੍ਰੀਤੀ ਅਤੇ ਅਨੁਪਮ ਦੀਆਂ ਲਾਸਾਂ ਨੂੰ ਬਾਹਰ ਕੱਢਿਆ ਗਿਆ। ਪੁਲਸ ਨੇ ਲਾਸਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਇਸ ਹਾਦਸੇ ਤੋਂ ਬਾਅਦ ਜਿੱਥੇ ਪਰਿਵਾਰਕ ਮੈਂਬਰਾਂ 'ਚ ਹਫੜਾ-ਦਫੜੀ ਦਾ ਮਾਹੌਲ ਹੈ, ਉੱਥੇ ਹੀ ਮੀਂਹ ਨੇ ਤਬਾਹੀ ਮਚਾ ਦਿੱਤੀ ਹੈ।

ਪਾਵਰਕਾਮ ਨੇ ਸਿਰਫ 15 ਦਿਨਾਂ 'ਚ 10 ਹਜਾਰ ਤੋਂ ਵੱਧ ਥਾਵਾਂ 'ਤੇ ਮਾਰੇ ਛਾਪੇ

ਕਿਸ਼ਨ ਪਾਲ

ਲੁਧਿਆਣਾ 31 ਅਗਸਤ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੇ ਉੱਚ ਅਧਿਕਾਰੀਆਂ ਵੱਲੋਂ ਲੁਧਿਆਣਾ ਜ਼ਿਲੇ ਨਾਲ ਸਬੰਧਤ ਚਾਰ ਵੱਖ-ਵੱਖ ਸਰਕਲਾਂ 'ਚ ਬਿਜਲੀ ਦੀ ਚੋਰੀ ਅਤੇ ਦੁਰਵਰਤੋਂ ਕਰਨ ਵਾਲੇ ਮੁਲਜ਼ਮਾਂ ਖਿਲਾਫ ਚਲਾਈ ਗਈ ਮੁਹਿੰਮ ਪ੍ਰਚੰਡ ਰੂਪ ਧਾਰਨ ਲੱਗੀ ਹੈ। ਵਿਭਾਗ ਵੱਲੋਂ ਜਾਰੀ ਅੰਕੜਿਆ ਮੁਤਾਬਕ ਪਾਵਰਕਾਮ ਦੀਆਂ ਵੱਖ-ਵੱਖ ਟੀਮਾਂ ਵੱਲੋਂ ਪਿਛਲੇ ਸਿਰਫ 15 ਦਿਨਾ ਦੌਰਾਨ 10,000 ਤੋਂ ਵੱਧ ਸ਼ੱਕੀ ਥਾਵਾਂ 'ਤੇ ਛਾਪੇਮਾਰੀਆਂ ਕਰ ਕੇ ਬਿਜਲੀ ਚੋਰੀ ਅਤੇ ਦੁਰਵਰਤੋਂ ਕਰਨ ਦੇ 816 ਮਾਮਲੇ ਰਿਕਾਰਡ ਕੀਤੇ ਗਏ ਹਨ, ਜਿਸ ਵਿਚ ਵਿਭਾਗੀ ਅਧਿਕਾਰੀਆਂ ਵੱਲੋਂ ਮੁਲਜ਼ਮਾਂ ਖਿਲਾਫ ਕਾਰਵਾਈ ਕਰਦੇ ਹੋਏ 2 ਕਰੋੜ 31 ਲੱਖ 62 ਹਜ਼ਾਰ ਰੁਪਏ ਦਾ ਭਾਰੀ ਜੁਰਮਾਨਾ ਠੋਕਿਆ ਗਿਆ ਹੈ। ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਅਤੇ ਪਾਰਵਕਾਮ ਡਾਇਰੈਕਟਰ ਡੀ.ਪੀ.ਸੀ. ਗਰੇਵਾਲ ਵਿਭਾਗ ਵੱਲੋਂ ਜਾਰੀ ਕੀਤੇ ਨਿਰਦੇਸ਼ਾਂ 'ਤੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਸਮੇਤ ਐਨਫੋਰਸਮੈਂਟ ਡਿਪਾਰਟਮੈਂਟ ਦੇ 200 ਤੋਂ ਵੱਧ ਅਧਿਕਾਰੀ ਅਤੇ ਮੁਲਾਜ਼ਮ

ਸੜਕਾਂ 'ਤੇ ਉਤਰ ਕੇ ਬਿਜਲੀ ਚੋਰਾਂ ਖਿਲਾਫ ਧਾਵਾ ਬੋਲਦੇ ਹੋਏ ਵੱਡੀਆਂ ਕਾਰਵਾਈ ਕਰਨ 'ਚ ਜੁਟੇ ਹੋਏ ਹਨ। ਪਾਵਰਕਾਮ ਦੇ ਉੱਚ ਅਧਿਕਾਰੀਆਂ ਤੇ ਐੱਸ.ਡੀ.ਓਜ਼ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਆਦਾਤਰ ਇਲਾਕਿਆਂ 'ਚ ਸਰਗਰਮ ਸ਼ਰਾਰਤੀ ਤੱਤਾਂ ਅਤੇ ਬਿਜਲੀ ਚੋਰਾਂ ਵੱਲੋਂ ਗਲੀ ਮੁਹੱਲਿਆਂ 'ਚ ਲੱਗੇ ਬਿਜਲੀ ਦੇ ਖੰਭਿਆਂ ਅਤੇ ਗੁਜ਼ਰ ਰਹੀਆਂ ਤਾਰਾਂ 'ਤੇ ਸਿੱਧੀ ਕੁੰਡੀ ਪਾਉਣ ਸਮੇਤ ਬਿਜਲੀ ਦੇ ਮੀਟਰ ਦੇ ਨਿਰਧਾਰਿਤ ਲੋਡ ਤੋਂ ਜ਼ਿਆਦਾ ਲੋਡ ਪਾਉਣ 'ਤੇ ਟ੍ਰਾਂਸਫਾਰਮਰ ਓਵਰਲੋਡ ਹੋ ਜਾਂਦੇ ਹਨ, ਜਿਸ ਕਾਰਨ ਟ੍ਰਾਂਸਫਾਰਮਰ ਸੜਨ ਸਮੇਤ ਬਿਜਲੀ ਦੀਆਂ ਤ